


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Sunday 15 February, 2026 | website: www.cee7news.com

### ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਤਰ-ਪੂਰਬੀ ਭਾਰਤ ਵਿੱਚ ਪਹਿਲੀ ਵਾਰ ਐਮਰਜੈਂਸੀ ਲੈਂਡਿੰਗ ਸਹੂਲਤ ਉੱਤੇ ਇਤਿਹਾਸਕ ਲੈਂਡਿੰਗ ਕੀਤੀ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਤਰ-ਪੂਰਬੀ ਭਾਰਤ ਵਿੱਚ ਪਹਿਲੀ ਵਾਰ ਐਮਰਜੈਂਸੀ ਲੈਂਡਿੰਗ ਸਹੂਲਤ (Emergency Landing Facility - ELF) ਉੱਤੇ ਇਤਿਹਾਸਕ ਲੈਂਡਿੰਗ ਕੀਤੀ। ਇਹ ਘਟਨਾ ਅਸਾਮ ਦੇ ਡਿਬਰੂਗੜ੍ਹ ਜ਼ਿਲ੍ਹੇ ਵਿੱਚ ਮੋਰਾਨ ਬਾਈਪਾਸ ਉੱਤੇ ਵਾਪਰੀ, ਜਿੱਥੇ ਨੈਸ਼ਨਲ ਹਾਈਵੇ-37 ਦੇ ਇੱਕ ਹਿੱਸੇ ਨੂੰ ਰਨਵੇ ਵਜੋਂ ਵਿਕਸਿਤ ਕੀਤਾ ਗਿਆ ਹੈ। ਪੀਐੱਮ ਮੋਦੀ ਨੇ ਚਬੂਆ ਏਅਰਫੀਲਡ ਤੋਂ ਸੀ-130ਜੇ ਹਵਾਈ ਜਹਾਜ਼ ਰਾਹੀਂ ਉਡਾਣ ਭਰੀ ਅਤੇ ਇਸ ਨਵੀਂ ਸਹੂਲਤ ਉੱਤੇ ਸੁਰੱਖਿਅਤ ਲੈਂਡਿੰਗ ਕੀਤੀ। ਇਹ ਉੱਤਰ-ਪੂਰਬ ਲਈ ਪਹਿਲੀ ਅਜਿਹੀ ਸਹੂਲਤ ਹੈ, ਜੋ ਰਣਨੀਤਕ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਬਹੁਤ ਮਹੱਤਵਪੂਰਨ ਸਾਬਤ ਹੋਵੇਗੀ।ਇਹ ਸਹੂਲਤ 4.2 ਕਿਲੋਮੀਟਰ ਲੰਬੀ ਹੈ ਅਤੇ ਇਸ ਨੂੰ ਬਣਾਉਣ ਵਿੱਚ ਲਗਭਗ 100 ਕਰੋੜ ਰੁਪਏ ਖਰਚ ਹੋਏ ਹਨ। ਇਹ ਭਾਰਤੀ ਵਾਯੂ ਸੈਨਾ (IAF) ਅਤੇ ਸਿਵਲ ਵਰਤੋਂ ਲਈ ਤਿਆਰ ਕੀਤੀ ਗਈ ਹੈ। ਇਸ ਉੱਤੇ ਫਾਈਟਰ ਜੈੱਟਸ (40 ਟਨ ਤੱਕ) ਅਤੇ ਟਰਾਂਸਪੋਰਟ ਏਅਰਕਰਾਫਟ (74 ਟਨ ਤੱਕ) ਲੈਂਡ ਅਤੇ ਟੇਕਆਫ ਕਰ ਸਕਦੇ ਹਨ। ਰਣਨੀਤਕ ਨਜ਼ਰੀਏ ਤੋਂ ਇਹ ਉੱਤਰ-ਪੂਰਬੀ ਖੇਤਰ ਵਿੱਚ ਰੱਖਿਆ ਨੂੰ ਮਜ਼ਬੂਤ ਕਰੇਗੀ, ਲੌਜਿਸਟਿਕਸ ਨੂੰ ਸੁਧਾਰੇਗੀ ਅਤੇ ਕੁਦਰਤੀ ਆਫਤਾਂ ਜਿਵੇਂ ਭੂਚਾਲ, ਹੜ੍ਹ ਜਾਂ ਹੋਰ ਐਮਰਜੈਂਸੀ ਵਿੱਚ ਤੁਰੰਤ ਮਦਦ ਪਹੁੰਚਾਉਣ ਵਿੱਚ ਮਦਦ ਕਰੇਗੀ। ਇਹ ਡਿਬਰੂਗੜ੍ਹ ਏਅਰਪੋਰਟ ਦਾ ਵਿਕਲਪ ਵੀ ਬਣ ਸਕਦੀ ਹੈ ਜੇਕਰ ਕੋਈ ਸਮੱਸਿਆ ਆ ਜਾਵੇ।ਪ੍ਰਧਾਨ ਮੰਤਰੀ ਨੇ ਲੈਂਡਿੰਗ ਤੋਂ ਬਾਅਦ ਇੱਕ ਵਿਸ਼ੇਸ਼ ਏਅਰ ਸ਼ੋ ਵੀ ਵੇਖਿਆ, ਜਿਸ ਵਿੱਚ ਭਾਰਤੀ ਵਾਯੂ ਸੈਨਾ ਦੇ ਫਾਈਟਰ ਜੈੱਟਸ, ਟਰਾਂਸਪੋਰਟ ਏਅਰਕਰਾਫਟ ਅਤੇ ਹੈਲੀਕਾਪਟਰਾਂ ਨੇ ਹਵਾਈ ਪ੍ਰਦਰਸ਼ਨ ਕੀਤਾ। ਇਸ ਮੌਕੇ ਉੱਤੇ ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ, ਕੇਂਦਰੀ ਮੰਤਰੀ ਸਰਬਾਨੰਦਾ ਸੋਨੋਵਾਲ, ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਅਤੇ ਹੋਰ ਵੱਡੇ ਅਧਿਕਾਰੀ ਮੌਜੂਦ ਸਨ। ਲੋਕਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਪੀਐੱਮ ਮੋਦੀ ਦਾ ਸਵਾਗਤ ਕੀਤਾ। ਉਨ੍ਹਾਂ ਨੂੰ ਪੰਜਾਬੀ 'ਮੁਗਾ ਗਾਮੋਸਾ' (ਸਕਾਰਫ), ਅਸਾਮੀ 'ਜਾਪੀ' ਅਤੇ ਆਖਰੀ ਚੁਟੀਆ ਰਾਣੀ ਸਤੀ ਸਾਧਨੀ ਦਾ ਚਿੱਤਰ ਵੀ ਸਨਮਾਨ ਵਜੋਂ ਦਿੱਤਾ ਗਿਆ।ਪੀਐੱਮ ਮੋਦੀ ਨੇ ਐਕਸ (ਪਹਿਲਾਂ ਟਵਿੱਟਰ) ਉੱਤੇ ਪੋਸਟ ਕਰਦਿਆਂ ਕਿਹਾ ਕਿ ਉੱਤਰ-ਪੂਰਬ ਨੂੰ ਐਮਰਜੈਂਸੀ ਲੈਂਡਿੰਗ ਸਹੂਲਤ ਮਿਲਣਾ ਬਹੁਤ ਮਾਣ ਵਾਲੀ ਗੱਲ ਹੈ।

## ਟੀ-20 ਵਿਸ਼ਵ ਕੱਪ 2026 : ਇੰਗਲੈਂਡ ਨੇ ਸਕਾਟਲੈਂਡ ਨੂੰ 5 ਵਿਕਟਾਂ ਨਾਲ ਹਰਾਇਆ



ਟੀ-20 ਵਿਸ਼ਵ ਕੱਪ 2026 ਵਿੱਚ ਇੰਗਲੈਂਡ ਨੇ ਸਕਾਟਲੈਂਡ ਨੂੰ 5 ਵਿਕਟਾਂ ਨਾਲ ਹਰਾ ਕੇ ਆਪਣੀ ਮੁਹਿੰਮ ਨੂੰ ਮੁੜ ਪਟੜੀ 'ਤੇ ਲਿਆਂਦਾ ਹੈ। ਇਹ ਮੈਚ 14 ਫਰਵਰੀ 2026 ਨੂੰ ਕੋਲਕਾਤਾ ਦੇ ਈਡਨ ਗਾਰਡਨਜ਼ ਸਟੇਡੀਅਮ ਵਿੱਚ ਖੇਡਿਆ ਗਿਆ, ਜੋ ਗਰੁੱਪ ਸੀ ਦਾ 23ਵਾਂ ਮੈਚ ਸੀ। ਇੰਗਲੈਂਡ ਦੇ ਕਪਤਾਨ ਹੈਰੀ ਬਰੁੱਕ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਦਾ ਫੈਸਲਾ ਕੀਤਾ। ਕਾਟਲੈਂਡ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 19.4 ਓਵਰਾਂ ਵਿੱਚ 152 ਰਨ ਬਣਾ ਕੇ ਆਲ ਆਊਟ ਹੋ ਗਈ। ਜਵਾਬ ਵਿੱਚ ਇੰਗਲੈਂਡ ਨੇ 18.2 ਓਵਰਾਂ ਵਿੱਚ 5 ਵਿਕਟਾਂ ਗੁਆ ਕੇ ਟੀਚਾ ਹਾਸਲ ਕਰ ਲਿਆ ਅਤੇ 5 ਵਿਕਟਾਂ ਨਾਲ ਜਿੱਤ ਦਰਜ ਕੀਤੀ। ਸਕਾਟਲੈਂਡ ਦੀ ਸ਼ੁਰੂਆਤ ਖਰਾਬ ਰਹੀ। ਓਪਨਰ ਜਾਰਜ ਮੰਸੀ ਅਤੇ ਬ੍ਰੈਂਡਨ ਮੈਕਮੁੱਲਨ ਜਲਦੀ ਹੀ ਪੈਵੇਲੀਅਨ ਵਾਪਸ ਲੌਟ ਗਏ ਅਤੇ ਟੀਮ 18 ਰਨਾਂ 'ਤੇ 2 ਵਿਕਟਾਂ ਗੁਆ ਬੈਠੀ। ਮਾਈਕਲ ਜੋਨਜ਼ ਨੇ 33 ਰਨ ਬਣਾਏ ਪਰ ਟੀਮ 42 ਰਨਾਂ 'ਤੇ 3 ਵਿਕਟਾਂ ਗੁਆ ਚੁੱਕੀ ਸੀ। ਇਸ ਮੁਸ਼ਕਲ ਸਮੇਂ ਵਿੱਚ ਕਪਤਾਨ ਰਿਚੀ ਬੈਰਿੰਗਟਨ ਨੇ ਸ਼ਾਨਦਾਰ ਖੇਡ ਦਿਖਾਈ ਅਤੇ 32 ਗੇਂਦਾਂ 'ਤੇ 49 ਰਨ ਬਣਾਏ। ਟਾਮ ਬਰੂਸ ਨੇ 24 ਰਨ ਜੋੜੇ ਅਤੇ ਬੈਰਿੰਗਟਨ ਨਾਲ 71 ਰਨਾਂ ਦੀ ਮਹੱਤਵਪੂਰਨ ਸਾਂਝੇਦਾਰੀ ਕੀਤੀ। ਇਸ ਤੋਂ ਬਾਅਦ ਟੀਮ ਫਿਰ ਡਿੱਗਣ ਲੱਗੀ ਅਤੇ ਅੰਤ ਵਿੱਚ ਓਲੀਵਰ ਡੇਵਿਡਸਨ 20 ਰਨ ਨਾਬਾਦ ਰਹੇ ਪਰ ਪੂਰੀ ਟੀਮ 152 ਰਨਾਂ 'ਤੇ ਸਿਮਟ ਗਈ।

ਇੰਗਲੈਂਡ ਦੀ ਗੇਂਦਬਾਜ਼ੀ ਸ਼ਾਨਦਾਰ ਰਹੀ। ਅਦਿਲ ਰਸ਼ੀਦ ਨੇ 3 ਵਿਕਟਾਂ ਲਈਆਂ ਜਦਕਿ ਲਿਆਮ ਡਾਸਨ ਅਤੇ ਜੋਫਰਾ ਆਰਚਰ ਨੇ 2-2 ਵਿਕਟਾਂ ਝਟਕੀਆਂ। ਜੇਮੀ ਓਵਰਟਨ ਅਤੇ ਸੈਮ ਕਰਨ ਨੇ ਵੀ 1-1 ਵਿਕਟ ਲਈ। ਇੰਗਲੈਂਡ ਦੇ ਬੱਲੇਬਾਜ਼ਾਂ ਨੂੰ ਵੀ ਸ਼ੁਰੂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਫਿਲ ਸਾਲਟ 2, ਜੋਸ ਬਟਲਰ 3 ਅਤੇ ਹੈਰੀ ਬਰੁੱਕ 4 ਰਨ

# ਹੋਲਾ ਮਹੱਲਾ ਸਿੱਖ ਕੌਮ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ ਜੋ ਖਾਲਸੇ ਦੀ ਬਹਾਦਰੀ, ਅਨੁਸ਼ਾਸਨ ਅਤੇ ਜੰਗੀ ਹੁਨਰ ਨੂੰ ਪ੍ਰਗਟ ਕਰਦਾ ਹੈ।

## ਇਹ ਤਿਉਹਾਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1701 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ੁਰੂ ਕੀਤਾ ਸੀ।





ਹੋਲਾ ਮਹੱਲਾ ਸਿੱਖ ਕੌਮ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ ਜੋ ਖਾਲਸੇ ਦੀ ਬਹਾਦਰੀ, ਅਨੁਸ਼ਾਸਨ ਅਤੇ ਜੰਗੀ ਹੁਨਰ ਨੂੰ ਪ੍ਰਗਟ ਕਰਦਾ ਹੈ। ਇਹ ਤਿਉਹਾਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1701 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ੁਰੂ ਕੀਤਾ ਸੀ। ਇਸ ਦਾ ਮਕਸਦ ਸਿੱਖਾਂ ਨੂੰ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣਾ ਅਤੇ ਉਨ੍ਹਾਂ ਵਿੱਚ ਜੰਗੀ ਤਿਆਰੀ ਦੀ ਭਾਵਨਾ ਜਗਾਉਣਾ ਸੀ। ਹੋਲੀ ਦੇ ਤਿਉਹਾਰ ਨਾਲ ਜੁੜੇ ਹੋਣ ਕਰਕੇ ਇਸ ਨੂੰ ਹੋਲਾ ਮਹੱਲਾ ਕਿਹਾ ਜਾਂਦਾ ਹੈ, ਪਰ ਇੱਥੇ ਰੰਗਾਂ ਨਾਲ ਨਹੀਂ ਸਗੋਂ ਘੋੜ-ਸਵਾਰੀ, ਗੱਤਕਾ, ਤੀਰ-ਕਮਾਣ ਅਤੇ ਨਕਲੀ ਜੰਗਾਂ ਨਾਲ ਖਾਲਸਈ ਜਾਹੋ-ਜਲਾਲ ਪ੍ਰਗਟ ਕੀਤਾ ਜਾਂਦਾ ਹੈ।

ਸਾਲ 2026 ਵਿੱਚ ਹੋਲਾ ਮਹੱਲਾ ਦੇ ਜਸ਼ਨ ਸ੍ਰੀ ਅਨੰਦਪੁਰ ਸਾਹਿਬ ਵਿਖੇ 27 ਫਰਵਰੀ ਤੋਂ ਸ਼ੁਰੂ ਹੋਣਗੇ ਅਤੇ ਪੰਜ ਦਿਨ ਚੱਲਣਗੇ। ਪੰਜਾਬ ਟ੍ਰਿਬਿਊਨ ਅਤੇ ਹੋਰ ਸੂਤਰਾਂ ਅਨੁਸਾਰ ਇਹ ਉਤਸਵ 27 ਫਰਵਰੀ ਤੋਂ 3 ਮਾਰਚ ਤੱਕ ਚੱਲੇਗਾ। ਕੁਝ ਸੂਤਰਾਂ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸ੍ਰੀ ਕੀਰਤਪੁਰ ਸਾਹਿਬ ਵਿਖੇ 27 ਤੋਂ 1 ਮਾਰਚ ਤੱਕ ਪਹਿਲੇ ਪੜਾਅ ਵਜੋਂ ਸਮਾਗਮ ਹੋਣਗੇ ਅਤੇ ਫਿਰ 2 ਮਾਰਚ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁੱਖ ਜਸ਼ਨ ਹੋਣਗੇ। ਮੁੱਖ ਦਿਨ 4 ਮਾਰਚ ਨੂੰ ਹੋਣਗੇ ਜਦੋਂ ਵਿਸ਼ਾਲ ਮਹੱਲਾ (ਜਲੂਸ) ਕੱਢਿਆ ਜਾਵੇਗਾ ਅਤੇ ਨਿਹੰਗ ਸਿੰਘਾਂ ਵੱਲੋਂ ਬਹਾਦਰੀ ਦੇ ਜੌਹਰ ਵਿਖਾਏ ਜਾਣਗੇ।

ਇਸ ਵਾਰ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ ਮਿਲ ਕੇ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਐਲਾਨ ਕੀਤਾ ਹੈ ਕਿ ਸੰਗਤਾਂ ਦੇ ਰਹਿਣ ਲਈ 8 ਏਕੜ ਵਿੱਚ 'ਟੈਂਟ ਸਿਟੀ' ਅਤੇ 'ਟਰਾਲੀ ਸਿਟੀ' ਬਣਾਈ ਜਾਵੇਗੀ। 25 ਪਾਰਕਿੰਗ ਜ਼ੋਨ ਬਣਾਏ ਜਾਣਗੇ ਅਤੇ ਸ਼ਰਧਾਲੂਆਂ ਨੂੰ ਲਿਆਉਣ-ਲਿਜਾਣ ਲਈ 60 ਸ਼ਟਲ ਬੱਸਾਂ ਅਤੇ 100 ਈ-ਰਿਕਸ਼ੇ ਚਲਾਏ ਜਾਣਗੇ। ਰੋਪੜ ਦੇ ਡਿਪਟੀ ਕਮਿਸ਼ਨਰ ਨੇ ਵੀ ਧਾਰਮਿਕ ਅਤੇ ਪ੍ਰਸ਼ਾਸਨਿਕ ਤਾਲਮੇਲ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ ਹੈ।

ਖਾਸ ਗੱਲ ਇਹ ਹੈ ਕਿ ਸਾਲ 2018 ਵਿੱਚ ਜਾਰੀ ਸਿੱਖ ਜਥੇਦਾਰਾਂ ਦੇ ਹੁਕਮ ਅਨੁਸਾਰ ਇਸ ਵਾਰ ਵੀ ਸਿਆਸੀ ਕਾਨਫਰੰਸਾਂ 'ਤੇ ਪੂਰੀ ਪਾਬੰਦੀ ਰਹੇਗੀ। ਭਾਵੇਂ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਪਰ ਪ੍ਰਸ਼ਾਸਨ ਦਾ ਜ਼ੋਰ ਇਸ ਨੂੰ ਸਿਰਫ਼ ਧਾਰਮਿਕ ਅਤੇ ਅਧਿਆਤਮਿਕ ਰੰਗ ਵਿੱਚ ਰੱਖਣ 'ਤੇ ਹੈ। ਰੰਗ ਸੁੱਟਣ 'ਤੇ ਵੀ ਪਾਬੰਦੀ ਰਹੇਗੀ ਤਾਂ ਜੋ ਤਿਉਹਾਰ ਦੀ ਪਵਿੱਤਰਤਾ ਬਣੀ ਰਹੇ।

ਹੋਲਾ ਮਹੱਲੇ ਦੌਰਾਨ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਘੋੜ-ਸਵਾਰੀ, ਗੱਤਕੇ ਦੇ ਜੌਹਰ, ਤਲਵਾਰਬਾਜ਼ੀ, ਨੇਜ਼ੇ-ਤੇਗ਼ੇ ਦੇ ਹਥਿਆਰਾਂ ਨਾਲ ਅਭਿਆਸ ਅਤੇ ਵਿਸ਼ਾਲ ਜਲੂਸ ਕੱਢੇ ਜਾਂਦੇ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ਼ੁਰੂ ਹੋਣ ਵਾਲਾ ਮਹੱਲਾ ਵੱਖ-ਵੱਖ ਗੁਰਦੁਆਰਿਆਂ ਵਿੱਚੋਂ ਹੁੰਦਾ ਹੋਇਆ ਵਾਪਸ ਆਉਂਦਾ ਹੈ। ਇਸ ਦੌਰਾਨ ਲੰਗਰਾਂ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਹੈ ਜਿੱਥੇ ਸੰਗਤ ਪੰਗਤ ਵਿੱਚ ਬੈਠ ਕੇ ਲੰਗਰ ਛਕਦੀ ਹੈ। ਔਰਤਾਂ ਅਤੇ ਪੁਰਸ਼ ਵਲੰਟੀਅਰ ਭੋਜਨ ਬਣਾਉਣ, ਵਰਤਣ ਅਤੇ ਸਫਾਈ ਵਿੱਚ ਹਿੱਸਾ ਪਾਉਂਦੇ ਹਨ। ਇਹ ਸੇਵਾ ਦੀ ਭਾਵਨਾ ਨੂੰ ਵਧਾਉਂਦੀ ਹੈ।

ਇਸ ਤਿਉਹਾਰ ਨੂੰ ਵੇਖਣ ਲਈ ਦੇਸ਼-ਵਿਦੇਸ਼ ਤੋਂ ਲੱਖਾਂ ਸਿੱਖ ਅਤੇ ਸੈਲਾਨੀ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੇ ਹਨ। ਇਹ ਨਾ ਸਿਰਫ਼ ਧਾਰਮਿਕ ਸਮਾਗਮ ਹੈ ਸਗੋਂ ਸਿੱਖ ਵਿਰਸੇ ਦੀ ਬਹਾਦਰੀ, ਏਕਤਾ ਅਤੇ ਅਨੁਸ਼ਾਸਨ ਨੂੰ ਜਿਉਂਦਾ ਕਰਨ ਵਾਲਾ ਮੌਕਾ ਵੀ ਹੈ। ਇਸ ਵਾਰ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਆਉਣ ਦੀ ਸੰਭਾਵਨਾ ਹੈ ਅਤੇ ਪ੍ਰਬੰਧਾਂ ਨੂੰ ਹੋਰ ਵਧੀਆ ਬਣਾਇਆ ਗਿਆ ਹੈ।

**Top News** ਪੰਜਾਬ ਦੀਆਂ ਯੂਨੀਵਰਸਿਟੀਆਂ 'ਚ ਹਰਿਆਣਾ ਦੇ ਲੀਡਰਾਂ ਦੀ 'ਨੋ ਐਂਟਰੀ': ਗੈਰੀ ਬੜਿੰਗ

# ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਹਰਿਆਣਾ ਆਗੂਆਂ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਵਿਧਾਇਕ ਗੈਰੀ ਬੜਿੰਗ ਨੇ ਘੋਸ਼ਣਾ ਕੀਤੀ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਆਗੂਆਂ ਦੀ ਦਖਲਅੰਦਾਜ਼ੀ ਜਾਂ ਭਾਗ ੀਦ ਾਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਇਸ ਨੂੰ ਰਾਜਨੀਤਕ ਚਾਲ ਦੱਸਿਆ, ਖਾਸ ਕਰਕੇ ਜਦੋਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਸੱਦੇ ਜਾਣ ਦੀ ਬਜਾਏ ਹਰਿਆਣਾ ਦੇ CM ਨਾਇਬ ਸਿੰਘ ਸੈਣੀ ਨੂੰ ਭੇਜਣ ਦੀ ਗੱਲ ਸੀ।

ਪ੍ਰਦਰਸ਼ਨ ਦੌਰਾਨ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਵਿਰੋਧਤਾ ਕੀਤੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜ ਕੇ ਰੋਸ ਜਤਾਇਆ। ਬੜਿੰਗ ਨੇ ਕਿਹਾ ਕਿ ਇਸ ਸਮਝੌਤੇ ਵਿੱਚ ਕਿਸਾਨਾਂ ਦੇ ਹਿੱਤਾਂ ਨੂੰ ਅਣਗੌਲਿਆ ਗਿਆ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ ਹੁਣ ਭਾਜਪਾ ਮੰਤਰੀਆਂ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ।

ਧਰਨੇ ਵਿੱਚ ਸੈਂਕੜੇ ਕਾਰਕੁਨ, ਜ਼ਿਲ੍ਹਾ ਪਰਿਸ਼ਦ ਮੈਂਬਰ ਸ਼ਿੰਗਾਰਾ ਸਿੰਘ ਸਲਾਣਾ, ਮੰਡੀ ਗੋਬਿੰਦਗੜ੍ਹ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਅਤੇ ਹੋਰ ਸਰਪੰਚ/ਕੌਂਸਲਰ ਸ਼ਾਮਲ ਸਨ। ਸਾਰਿਆਂ ਨੇ ਪੰਜਾਬ ਦੇ ਅਧਿਕਾਰਾਂ ਅਤੇ ਕਿਸਾਨ ਹੱਕਾਂ ਦੀ ਰੱਖਿਆ ਲਈ ਇੱਕਜੁਟ ਹੋਣ ਦਾ ਸੰਦੇਸ਼ ਦਿੱਤਾ।ਇਹ ਘਟਨਾ ਪੰਜਾਬ-ਹਰਿਆਣਾ ਵਿਚਾਲੇ ਸਿਆਸੀ ਤਣਾਅ ਅਤੇ ਅੰਤਰ-ਰਾਜ ਵਿਵਾਦਾਂ ਨੂੰ ਦਰਸਾਉਂਦੀ ਹੈ, ਜਿਸ ਵਿੱਚ ਯੂਨੀਵਰਸਿਟੀ ਕੈਂਪਸ ਨੂੰ ਰਾਜਨੀਤਕ ਦਖਲ ਤੋਂ ਮੁਕਤ ਰੱਖਣ ਦੀ ਮੰਗ ਵੀ ਸ਼ਾਮਲ ਹੈ।ਹਲਕਾ ਅਮਲੋਹ ਵਿੱਚ ਅੱਜ ਸਿਆਸੀ ਮਾਹੌਲ ਉਸ ਵੇਲੇ ਗਰਮਾ ਗਿਆ ਜਦੋਂ ਦੇਸ਼ ਭਗਤ ਯੂਨੀਵਰਸਿਟੀ ਦੇ ਗੇਟ ਅੱਗੇ ਆਮ ਆਦਮੀ ਪਾਰਟੀ ਨੇ ਭਾਜਪਾ ਅਤੇ ਕੇਂਦਰ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ। ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਵਿੱਚ ਇਕੱਠੇ ਹੋਏ ਸੈਂਕੜੇ ਕਾਰਕੰਨਾਂ ਨੇ ਜਿੱਥੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਜੰਮ ਕੇ ਮੁਖਾਲਫ਼ਤ ਕੀਤੀ, ਉੱਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ। ਵਿਧਾਇਕ ਬੜਿੰਗ ਨੇ ਬੇਹੱਦ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਪ੍ਰੋਗਰਾਮਾਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਆਗੂਆਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਖੁਲਾਸਾ ਕੀਤਾ ਕਿ ਯੂਨੀਵਰਸਿਟੀ ਦੇ ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਉਣਾ ਸੀ ਪਰ ਉਨ੍ਹਾਂ ਦੀ ਜਗ੍ਹਾ ਹਰਿਆਣਾ ਦੇ CM ਨਾਇਬ ਸਿੰਘ ਸੈਣੀ ਨੂੰ ਭੇਜਣਾ ਸਿਰਫ਼ ਰਾਜਨੀਤੀ ਤੋਂ ਪ੍ਰੇਰਿਤ ਹੈ।



ਹਲਕਾ ਅਮਲੋਹ ਵਿੱਚ ਅੱਜ ਸਿਆਸੀ ਮਾਹੌਲ ਉਸ ਵੇਲੇ ਗਰਮਾ ਗਿਆ ਜਦੋਂ ਦੇਸ਼ ਭਗਤ ਯੂਨੀਵਰਸਿਟੀ ਦੇ ਗੇਟ ਅੱਗੇ ਆਮ ਆਦਮੀ ਪਾਰਟੀ ਨੇ ਭਾਜਪਾ ਅਤੇ ਕੇਂਦਰ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ। ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਵਿੱਚ ਇਕੱਠੇ ਹੋਏ ਸੈਂਕੜੇ ਕਾਰਕੰਨਾਂ ਨੇ ਜਿੱਥੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਜੰਮ ਕੇ ਮੁਖਾਲਫ਼ਤ ਕੀਤੀ, ਉੱਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ।ਵਿਧਾਇਕ ਬੜਿੰਗ ਨੇ ਬੇਹੱਦ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਪ੍ਰੋਗਰਾਮਾਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਆਗੂਆਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਖੁਲਾਸਾ ਕੀਤਾ ਕਿ ਯੂਨੀਵਰਸਿਟੀ ਦੇ ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਉਣਾ ਸੀ ਪਰ ਉਨ੍ਹਾਂ ਦੀ ਜਗ੍ਹਾ ਹਰਿਆਣਾ ਦੇ CM ਨਾਇਬ ਸਿੰਘ ਸੈਣੀ ਨੂੰ ਭੇਜਣਾ ਸਿਰਫ਼ ਰਾਜਨੀਤੀ ਤੋਂ ਪ੍ਰੇਰਿਤ ਹੈ।

# ਬਲ ਰਿਹਾ ਦਿਲ, ਘੱਟ ਰਿਹਾ ਸਮਾਂ, ਤੇਰੇ ਹੀਂ ਹੋ ਜਾਵਣ, ਜੋ ਮੇਰੇ ਸਾਹ ਜਮਾਂ,



ਬਲ ਰਿਹਾ ਦਿਲ, ਘੱਟ ਰਿਹਾ ਸਮਾਂ,
ਤੇਰੇ ਹੀਂ ਹੋ ਜਾਵਣ, ਜੋ ਮੇਰੇ ਸਾਹ ਜਮਾਂ,
ਹਜਾਰਾਂ ਦੀ ਭੀੜ ਚੋਂ, ਬਸ ਤੈਨੂੰ ਤੱਕ ਲਵਾਂ,
ਤੇਰੀਆਂ ਪੀੜਾਂ ਨੂੰ ਅੰਦਰੋ ਅੰਦਰੀ ਸਹਾਂ,
ਦੂਰੀ ਹੋਵੇ ਸਮੁੰਦਰਾਂ ਤੋਂ ਪਾਰ ਦੀ ਭਾਵੇਂ,
ਮੈਂ ਤੇਰੇ ਅੰਦਰ ਸੱਜਣਾ ਤੇਰੀ ਰੂਹ ਚ ਰਹਾਂ,
ਚੁੱਪ ਜਹੀ ਤੇਰੀ ਪੜ੍ਹ ਕੇ ਮਹਿਰਮ,
ਬਿਨ ਬੋਲਿਆ ਤੇਰੇ ਜਜ਼ਬਾਤ ਕਹਾ,
ਇਸ਼ਕ ਦੀ ਪੌੜੀ ਏਥੇ ਹਰ ਕੋਈ ਚੜ੍ਹਦਾ,
ਰਾਣੂ ਤੂੰ ਮਰ ਕੇ ਵੀ ਇਸ਼ਕ ਕਮਾ.. ll
ਗੁਰਜੀਤ ਕੌਰ ਰਾਣੂ.

## ਜ਼ਿੰਦਗੀ ਵਿੱਚ ਮੈਨੂੰ ਕੋਈ ਅਹੁਦਿਆਂ ਦੀ ਕਮੀ ਨਹੀਂ ਸੀ



ਜ਼ਿੰਦਗੀ ਵਿੱਚ ਮੈਨੂੰ ਕੋਈ ਅਹੁਦਿਆਂ ਦੀ ਕਮੀ ਨਹੀਂ ਸੀ। ਹਰ ਖੇਤਰ ਵਿੱਚ ਅੱਗੇ ਜਾਣ ਦਾ ਮੌਕਾ ਮੇਰੇ ਕੋਲ ਸੀ, ਚਾਹੇ ਵਧੀਆ ਨੌਕਰੀ, ਚਾਹੇ ਵਿਦੇਸ਼ ਤੇ ਚਾਹੇ ਰਾਜਨੀਤੀ। ਮੇਰੇ ਕੋਲ ਸੌਖੇ ਤੋਂ ਸੌਖੇ ਰਾਹ ਅਤੇ ਚੰਗੇ ਤੋਂ ਚੰਗੇ ਅਵਸਰ ਸਨ।

ਸੋਨੇ ਤੋਂ ਸੁੰਦਰ ਗਹਿਣਾ ਬਣਨ ਲਈ, ਆਪ ਭੱਠੀ ਵਿੱਚ ਤਪਣ ਲਈ ਤਿਆਰ ਰਹਿਣ ਵਾਲਿਆਂ ਵਿੱਚ ਮੇਰਾ ਨਾਮ ਹੋਵੇ, ਇਹ ਮੇਰੀ ਖਾਹਿਸ਼ ਹੈ। ਚੰਗੇ ਚੰਗੇ ਲੋਕ ਹੀਰਿਆਂ ਵਾਂਗ ਮੇਰੇ ਸਫ਼ਰ ਵਿੱਚ ਜੁੜਦੇ ਜਾਣ ਇਹ ਮੇਰੀ ਅਰਦਾਸ। ਮੈਂ ਖੁਸ਼ਕਿਸਮਤ ਮਹਿਸੂਸ ਕਰਾਂਗੀ।

ਮੈਂ ਰੋਜ਼ ਚੁਣੌਤੀ ਚੁਣਦੀ ਹਾਂ। ਮੁਸ਼ਕਲ ਦਾ ਹੱਲ ਕਰਨ ਨੂੰ ਆਪਣੀ ਮੁਹਾਰਤ ਬਣਾਉਣ ਦਾ ਅਭਿਆਸ ਕਰਦੀ ਹਾਂ। ਜਦ ਕੰਡੇ ਚੁਭਦੇ ਹਨ ਤੇ ਹਾਏ ਹਾਏ ਕਰਨਾ ਸਾਡਾ ਕੰਮ ਨਹੀਂ, ਕੰਡਾ ਕੱਢਣ ਦਾ ਅਭਿਆਸ ਕਰਨਾ ਸਾਡਾ ਕੰਮ ਹੈ। ਵਾਰ ਵਾਰ ਅਭਿਆਸ..

ਰੋਜ਼ ਜੋ ਬਿਨ੍ਹਾਂ ਸਹਾਰੇ ਲਏ ਮੁਸ਼ਕਲਾਂ ਤੇ ਚੁਣੌਤੀਆਂ ਚੁਣਦੇ ਹਨ, ਉਹਨਾਂ ਦੇ ਰਾਹ ਨਵੇਂ ਤੇ ਮੰਜ਼ਲਾਂ ਵੱਖ ਹੁੰਦੀਆਂ ਹਨ। ਉਹ ਰਾਹ ਦਸੇਰੇ ਬਣਦੇ ਹਨ।

ਪਰ ਅਸੀਂ ਹੁਣ, ਲਿਫ਼ਾਫ਼ੇ ਦੀ ਗੰਢ ਖੋਲ੍ਹਣ ਲਈ ਵੀ .... ਮੰਮੀ .. ਸੱਦ ਲੈਂਦੇ ਹਾਂ।

ਲੇਖਕ : ਮਨਦੀਪ ਕੌਰ ਟਾਂਗਰਾ।

## ਖ਼ੁਸ਼ ਰਹਿਣ ਵਾਲੇ ਲੋਕ ਆਮ ਨੀਂ ਹੁੰਦੇ!



ਖ਼ੁਸ਼ ਰਹਿਣ ਵਾਲੇ ਲੋਕ ਆਮ ਨੀਂ ਹੁੰਦੇ!
ਨੈਣਾਂ 'ਚ ਕੱਜਲ ਨਾਲ਼ ਸੁਪਨਿਆਂ ਦੀਆਂ ਤ੍ਰੇੜਾਂ ਨੂੰ ਕੱਜਣ ਵਾਲੇ ਲੋਕ ਆਮ ਨੀਂ ਹੁੰਦੇ।
ਢੱਠੇ ਢਾਰਿਆਂ ਚੋਂ ਇੱਕ ਇੱਕ ਸਾਬਤ ਇੱਟ ਚੁੱਕ ਕੇ ਬਣਦਾ ਸਰਦਾ ਘਰ ਬਣਾਉਣ ਜਿੰਨੀ ਮਿਹਨਤ ਲੱਗਦੀ।
ਢਿੱਡ ਤੋਂ ਲੈ ਕੇ ਗੱਲ੍ਹਾਂ ਤੀਕ ਆਂਦਰਾਂ ਦੇ ਵੱਟ ਚੜ੍ਹ ਜਾਂਦੇ, ਲੱਥ ਜਾਂਦੇ
ਬੜਾ ਜ਼ੋਰ ਲੱਗਦਾ ਬਈ ਹੱਸਣ ਨੂੰ!
ਤੇ ਲੋਕ ਆਖ ਦਿੰਦੇ ਕਿ ਐਵੇਂ ਈ ਦੰਦੀਆਂ ਨਿਕਲਦੀਆਂ ਰਹਿੰਦੀਆਂ! !
ਜਸ ਜੀਤ ❤️

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਇਬਾਰਤ**

ਜ਼ਿੰਦਗੀ ਕੀਮਤੀ ਹੈ। ਨੇੜੇ ਹੋ ਕੇ ਜੀਵੋ। ਨਿਆਰੇ ਰਹੋ। ਚੇਤੇ ਰੱਖੇ ਲੋਕ ਤੁਹਾਨੂੰ ਤੁਹਾਡੀ ਮਿਹਨਤ ਦੀ ਇਬਾਰਤ ਰਾਹੀਂ ਕੀਤੇ ਮਾਅਰਕਿਆਂ ਕਰਕੇ ਯਾਦ ਕਰਦੇ ਨੇ॥ ਸਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਹੋਰਨਾਂ ਨੇ ਦੇਸ਼ ਦੇ ਆਸ਼ਕ ਬਣ ਆਜਾਦੀ ਦੀ ਇਬਾਰਤ ਲਿਖੀ। ਏਸੇ ਇਬਾਰਤ ਕਰਕੇ ਹੀ ਮਹਾਨ ਸ਼ਹੀਦ ਭਾਰਤੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਨੇ॥ ਇਬਾਰਤ ਲਿਖਣ ਲਈ ਸਿਰੜ, ਦ੍ਰਿੜਤਾ, ਜਨੂੰਨ, ਸ਼ਪੱਸਟ ਟੀਚਾ, ਗਿਆਨ , ਸੰਜ਼ਮ, ਠੋਸ ਫੈਸਲਿਆ.ਤੇ ਇਕਾਗਰ ਮਿਹਨਤ ਨਾਲ ਕੰਮ ਕਰਨਾ ਪੈਂਦੈ॥

**ਵਿਚੋਲਗੀ**

ਵਿਚੋਲਗੀ ਕਰਨ ਦਾ ਆਨੰਦ ਓਥੇ ਆਉਂਦੈ ਜਿੱਥੇ ਦੋਨੋ ਪਾਸੇ ਸ਼ਪੱਸ਼ਟਤਾ ਹੋਵੇ। ਡਰ ਜਾਂ ਲੁੱਕ ਲਪੇਟ ਰਹਿਤ ਮਹੌਲ ਹੋਵੇ। ਓਹਲਾ ਰੱਖਣਾ ਹੀ ਨਾ ਪਵੇ॥ ਵਿਚੋਲਗੀ 'ਚੋਂ ਲਾਲਚ ਦੀ ਬੋਅ ਆਉਣ ਲੱਗ ਪਵੇ ਤਾਂ ਵਿਚੋਲੇ ਦਾ ਵਿਸ਼ਵਾਸ਼ ਜਲਦੀ ਭੰਗ ਹੋਣ ਲੱਗ ਪੈਂਦੈ॥ ਰੱਬ ਦੇ ਰਾਹ ਦੀ ਵਿਚੋਲਗੀ ਕਰਨ ਕਰਾਉਣ ਵਾਲੇ ਦੋਨੋ ਗਲਤ ਫਹਿਮੀ ਦਾ ਸ਼ਿਕਾਰ ਰਹਿੰਦੇ ਨੇ। ਰੱਬ ਦੇ ਇਸ਼ਕ ਦਾ ਰਾਹ ਸਿੱਧ ਪੱਧਰੈ। ਭਰੋਸੇ ਤੇ ਵਿਸ਼ਵਾਸ਼ ਭਰਿਆ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਵੈਰੀ ਕਿਤਾਬਾਂ ਦਾ (ਲੇਖਕ: ਮਨਦੀਪ ਗਿੱਲ )




ਪ੍ਰਕਾਸ਼ਕ : ਏਕ ਰਸ ਪਬਲੀਸਰ ਖੰਨਾ
ਮੁਲ 220 ਰੁਪਏ ਸਫ਼ੇ 142

ਜਦੋਂ ਕੋਈ ਕਵੀ ਆਪਣੀ ਕਵਿਤਾ ਦੀ ਆਧਾਰ ਭੂਮੀ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਗਹਿਣ ਕਰਦਾ ਹੈ। ਤਾ ਉਹ ਕਵਿਤਾ ਅਸਰ - ਅੰਦਾਜ਼ ਵੀ ਹੁੰਦੀ ਹੈ। ਤੋਂ ਪਾਠਕ ਦੇ ਮਾਨ ਤੋਂ ਆਪਣੀ ਵੀ ਛਾਪ ਵੀ ਛੱਡਦੀ ਹੈ। ਜੇਕਰ ਕਵਿਤਾ ਕਿਰਤੀ ਹੱਥਾਂ ਦੁਆਰਾ ਦੁਬਾਰਾ ਸਿਰਜੀ ਗਈ ਹੋਵੇ ਤਾਂ ਇਸ ਦਾ ਪੁਗਾਰਾ ਪੀੜੀਆਂ ਮੰਨਦੀਆਂ ਹਨ। ਕਿਉਂਕਿ ਇਹ ਕਵਿਤਾ ਜਿੰਦਗੀ ਦੀਆਂ ਵਿਸੇਗਤੀਆ ਅਤੇ ਵਿਰੋਧਤਾ ਨੂੰ ਪਕੜਨ ਕਰਕੇ ਪ੍ਰੇਰਨਾ ਦਾਇਕ ਵੀ ਬਣਦੀ ਹੈ। ਜਦੋਂ ਅਸੀਂ ਸੱਤ ਸਮੁੰਦਰੋਂ ਪਾਰ ਰੋਜੀ ਰੋਟੀ ਲਈ ਆਸਟਰੇਲੀਆ ਗਏ ਨੌਜਵਾਨ ਸ਼ਾਇਰ ਮਨਦੀਪ ਗਿੱਲ ਦੀ ਪਲੇਠੀ ਕਾਵਿ ਪੁਸਤਕ 'ਵੈਰੀ ਕਿਤਾਬਾਂ ਦਾ, ਬਾਰੇ ਚਰਚਾ ਕਰਦੇ ਹਾਂ ਤਾਂ ਇਸ ਇਸ ਵਿੱਚ ਸ਼ਾਮਿਲ ਕਵਿਤਾਵਾਂ ਬੇਸ਼ੱਕ ਛੋਟੇ ਆਕਾਰ ਦੀਆਂ ਹਨ ਪਰ ਜਦੋਂ ਪਾਠਕ ਇਹਨਾਂ ਨੂੰ ਪੜ੍ਹਾ ਹੈ ਤਾਂ ਇਹਨਾਂ ਵਿੱਚਲੇ ਵੱਡੇ ਅਰਥ ਅਤੇ ਇਹਨਾਂ ਕਵਿਤਾਵਾਂ ਦਾ ਸੁਹਜਾਤਮਕ ਆਪ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ। ਇਸ ਪੁਸਤਕ ਵਿੱਚ ਭਾਵੇਂ ਲੰਮੀ... ਡੂੰਘੇ ਪਰਵਲਿਆ ਅਤੇ ਭਾਵਨਾਵਾਂ ਦੀ ਪਰਵਾਹ ਵਾਲੀਆਂ ਕਵਿਤਾਵਾਂ ਵਿੱਚ ਮਨਦੀਪ ਗਿੱਲ ਦੀ ਇਹ ਲੋਚਾ ਹੈ। ਜੋ ਵੀ ਸਿਰਜਿਆ ਜਾਵੇ ਉਹ ਆਮ ਲੋਕਾਂ ਲਈ ਹੋਵੇ ਤੇ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਸਿਰਜਿਆ ਜਾਵੇ ਜਿਸ ਵਿੱਚ ਪਿਆਰ ਮੁਹੱਬਤ ਤੇ ਕਿਰਤ ਦੀ ਮਹੱਤਤਾ ਵੀ ਕਿਰਤ ਦੀ ਲੁੱਟ ਦੀ ਨਿਸ਼ਾਨਦੇਹੀ ਦੇ ਕਾਰਨ ਵੀ ਹੁਣ

ਵੈਰੀ ਕਿਤਾਬਾਂ ਦਾ ਸੱਚ ਮੁੱਚ ਹੀ ਉਹਨਾਂ ਸ਼ਬਦਾਂ ਦਾ ਵਿਰਸਾ ਹੈ। ਜਿਨਾਂ ਨੂੰ ਅੱਜ ਦੇ ਸੰਦਰਭ ਵਿੱਚ ਸਮਝਣ ਦੀ ਲੋੜ ਹੈ। ਇਹ ਕਾਵ ਸੰਗ੍ਰਹਿ ਹਰ ਉਸ ਪਾਠਕ ਲਈ ਜਰੂਰੀ ਹੈ। ਜੋ ਦਿਲ ਦੀ ਗੱਲ ਸੁਣਨਾ ਅਤੇ ਸਮਾਜਿਕ ਸੱਚਾਈਆਂ ਨੂੰ ਕਵਿਤਾ ਦੀ ਸੀਸ ਵਿੱਚੋਂ ਦੇਖਣਾ ਚਾਹੁੰਦਾ ਹੈ। ਇਹ ਕਿਤਾਬ ਕੇਵਲ ਕਵਿਤਾ ਦਾ ਸਮੂਹ ਨਹੀਂ ਸਗੋਂ ਇਹ ਮਨੁੱਖੀ ਰਿਸ਼ਤਿਆਂ ਦੀ ਬਦਲਦੀ ਤਸਵੀਰ ਪੇਸ਼ ਕਰਦੀ ਹੈ। ਅੱਜ ਦੇ ਦੌਰ ਵਿੱਚ ਜਿੱਥੇ ਗਰਜ ਦੀ ਖਾਤਰ ਲੋਕ ਰਿਸ਼ਤੇ ਬਦਲ ਲੈਂਦੇ ਹਨ ਜਿੱਥੇ ਮਤਲਬ ਲਈ ਸੀਤਲਤਾ ਵਿੱਚ ਤਾਪ ਬਦਲਦਾ ਦੇਖਿਆ ਜਾਂਦਾ ਹੈ। ਉੱਥੇ ਇਹ ਕਵਿਤਾਵਾਂ ਦੇ ਡੂੰਘੇ ਜ ਹੁਕਮਾਂ ਦੀ ਗੱਲ ਵੀ ਕਰਦੀਆਂ ਹਨ। ਸ਼ਾਇਰ, ਕਹਿੰਦੀ ਹੁੰਦੀ ਸੀ, ਮਲਵੈਣ, ਇਕ ਮਾ ਬਾਪ ਦੇਸ਼ ਪੰਜਾਬ ਬੋਲਦਾ , ਨਵਾਂ ਸਾਲ, ਮੈਂ ਵੈਰੀ ਕੁੜੀ ਕਿਤਾਬਾਂ ਦਾ ਆਦਿ ਦੱਸਿਆ ਕਵਿਤਾਵਾਂ ਪਿਆਰ ਵਿਸ਼ਵਾਸ ਅਤੇ ਸੱਚੀ ਸਾਂਝ ਦੀਆਂ ਭਾਲ ਵੀ ਕਰਦੀਆਂ ਹਨ। ਇਨਾ ਕਵਿਤਾਵਾਂ ਵਿੱਚ ਮਾਝੇ ਦੀ ਸ਼ਬਦਾਵਲੀ ਆਮ ਹੈ। ਲੇਖਕ ਦਾ ਬਚਪਨ ਧੰਨ ਧੰਨ ਜਿਲੇ ਦੇ ਸਭ ਤੋਂ ਪਿਛੜੇ ਪਿੰਡ ਕੰਬੋ ਢਾਹੇ ਵਾਲ ਦਾ ਹੈ। ਜੋ ਪੰਜਾਬ ਦੇ ਪ੍ਰਸਿੱਧ ਵਗਦੇ ਪਾਣੀ ਦੀ ਦਰਿਆ ਬਿਆਸ ਕਿਨਾਰੇ ਤੇ ਸਥਿਤ ਹੈ। ਲੇਕਿਨ ਅੱਜ ਰੋਟੀ ਰੋਜੀ ਲਈ ਆਸਟਰੇਲੀਆ ਦੇ ਸ਼ਹਿਰ ਮੇਲਬੋਰਨ ਜੋ ਵਸਾਇਆ ਹੈ। ਪਰ ਆਪਣੇ ਪਿਛੋਕੜ ਤੇ ਪਿੰਡ ਚਕਾਚੌਂਧ ਰੌਸ਼ਨੀਆਂ ਦੇ ਸ਼ਹਿਰ ਵਿੱਚ ਰਹਿੰਦੇ ਹੋਏ ਵੀ ਪਿੰਡ ਦੇ ਕੱਚੇ ਕੋਠੇ ਕੱਚੇ ਰਸਤੇ ਤੇ ਪਿੰਡ ਦੀਆਂ ਜੂਹਾਂ ਨਹੀਂ ਭੁਲਿਆ ਪਲਟੀ ਕਾਵਿ ਪੁਸਤਕ ਪ੍ਰਕਾਸ਼ਤ ਕਾਰਨ ਤੇ ਮਨਦੀਪ ਗਿੱਲ ਨੂੰ ਢੇਰ ਸਾਰੀਆਂ ਸ਼ੁਭਕਾਮਨਾਵਾਂ

ਡਾਕਟਰ ਰਸਬੀਰ ਸਿੰਘ ਸੰਧੂ
ਡਿਵਾਈਨ ਹੋਮਿਓਪੈਥੀ ਚੋਹਲਾ ਸਾਹਿਬ
9815145604
ਲੇਖਕ: ਮਨਦੀਪ ਗਿੱਲ.. 👇
ਸੰਪਰਕ 61468369947

# ਸੱਤਾ ਦਾ ਕੋਈ ਧਰਮ ਨਹੀਂ ਹੁੰਦਾ ,ਨਾ ਕੋਈ ਜਾਤ ,ਨਾ ਕੋਈ ਗੋਤ




ਸੱਤਾ ਦਾ
ਕੋਈ ਧਰਮ ਨਹੀਂ ਹੁੰਦਾ
ਨਾ ਕੋਈ ਜਾਤ
ਨਾ ਕੋਈ ਗੋਤ
ਸੱਤਾ ਕੇਵਲ
ਸੱਤਾ ਹੁੰਦੀ
ਸੱਤਾ ਹਾਸਿਲ ਕਰਨ ਲਈ
ਸਾਮ ਦਾਮ ਦੰਡ ਭੇਦ
ਸਭ ਇਸਤੇਮਾਲ ਹੁੰਦਾ
ਕਦੀ ਬੋਲ ਕੇ
ਕਦੀ ਚੁੱਪ ਚਾਪ
ਸੱਤਾ
ਨਸ਼ਾ ਹੈ
ਜਿਸ ਨੂੰ ਲੱਗ ਜਾਵੇ
ਫਿਰ ਛੱਡ ਨਹੀਂ ਸਕਦਾ
ਉਸਦੇ ਰੋਮ ਰੋਮ
ਵਿੱਚ ਵਸ ਜਾਂਦੀ ਸੱਤਾ
ਤੜਫਦਾ
ਸੱਤਾ ਹਾਸਲ ਕਰਨ ਲਈ
ਜਦੋਂ ਹੋ ਜਾਂਦਾ
ਸੱਤਾ ਹੀਣ
ਫਿਰ ਕਿਸੇ ਵੀ ਹੀਲੇ
ਹਥਿਆਉਣਾ ਚਾਹੁੰਦਾ
ਸੱਤਾ
ਸੱਤਾ ਵਿੱਚ ਰਹਿਣ ਲਈ
ਮਾਰਿਆ ਜਾਂਦਾ
ਬੇਦੋਸ਼ਿਆਂ ਨੂੰ
ਤੇ ਭੜਕਾਈ ਜਾਂਦੀ
ਦੇਸ਼ ਭਗਤੀ
ਆਲੇ ਭੋਲੇ
ਲੋਕ ਆ ਜਾਂਦੇ
ਲੋਕ ਲੁਭਾਉਣੀਆਂ
ਗੱਲਾਂ ਵਿੱਚ
ਨਹੀਂ ਜਾਣਦੇ
ਇਹ ਭੇੜੀਏ ਨੇ
ਮੇਮਣਿਆਂ ਦੇ ਚਿਹਰੇ ਪਿੱਛੇ
ਮਰਵਾਉਂਦੇ ਨੇ
ਲੋਕਾਂ ਦੇ ਪੁੱਤ
ਫਿਰ ਉਨਾਂ ਨੂੰ
ਕਹਿੰਦੇ ਨੇ ਸ਼ਹੀਦ
ਪਰ ਆਪਣੇ ਪੁੱਤਾਂ ਨੂੰ
ਕਰਵਾਉਂਦੇ ਨੇ
ਵੱਡੇ ਕਾਰੋਬਾਰ
ਜਾਗਦਾ ਹੈ
ਲੋਕਾਂ ਦਾ ਫਿਕਰ
ਹਰ ਪੰਜ ਸਾਲ ਬਾਅਦ
ਇਹਨਾਂ ਦੇ ਮਨਾਂ ਵਿੱਚ
ਯਾਦ ਆਉਂਦੀਆਂ ਨੇ
ਕੱਚੀਆਂ ਗਲੀਆਂ
ਨਾਲੀਆਂ
ਸੜਕਾਂ
ਬੇਰੁਜ਼ਗਾਰੀ
ਤੇ ਭੁੱਖ
ਲਾਉਂਦੇ ਨੇ ਲਾਰੇ
ਕਰਦੇ ਨੇ ਦਾਅਵੇ
ਕੁਝ ਇਸ ਤਰ੍ਹਾਂ
ਜਿਵੇਂ ਹੱਥ
ਆ ਗਿਆ ਹੋਵੇ
ਕੋਈ ਝੁਰਲੂ ਮੰਤਰ
ਹੱਥ ਜੋੜਦੇ
ਬਸ ਜਿਤਾ ਦਿਓ
ਇੱਕ ਵਾਰ
ਫਿਰ ਸਮਝਿਓ
ਤੁਹਾਡੀ ਹੀ ਹੈ ਸਰਕਾਰ
ਪਰ ਜਿਵੇਂ ਹੀ ਜਿੱਤਦੇ
ਬਣ ਜਾਂਦੇ ਅਹਿਲਕਾਰ
ਲੋਕਾਂ ਦੀ ਪਹੁੰਚ ਤੋਂ
ਕਿਤੇ ਦੂਰ
ਆਲੇ ਦੁਆਲੇ ਹੋ ਜਾਂਦੀ
ਸੁਰੱਖਿਆ ਗਾਰਡਾਂ ਦੀ
ਵੱਡੀ ਫੌਜ
ਨੇੜੇ ਨਾ ਢੁਕਣ ਦਿੰਦੇ
ਕਿਸੇ ਆਮ ਨੂੰ
ਹੋ ਜੋ ਜਾਂਦੇ ਆਪ
ਖਾਸ
ਫਿਰ ਰੁਲਤੇ
ਬੇਰੁਜ਼ਗਾਰ
ਚੜ੍ਹਦੇ ਟੈਂਕੀਆਂ ਤੇ
ਦਿਨ ਦੇ ਧਰਨੇ
ਧੱਕੇ ਖਾਂਦੇ
ਪਾਣੀ ਦੀਆਂ ਬੁਛਾਰਾਂ ਸਹਿੰਦੇ
ਕਿਸਾਨ
ਕੋਈ ਨਾ ਲੈਂਦਾ
ਸਾਰ ਉਨਾਂ ਦੀ
ਭੁੱਲਣਹਾਰ
ਹੁੰਦੇ ਨੇ
ਜੋ ਜਾ ਬਹਿੰਦੇ
ਵਿੱਚ ਸਰਕਾਰ
ਫਿਰ ਬੋਲਦੀ ਸੱਤਾ
ਸਿਰ ਚੜ੍ਹ
ਹਮਕਦਾ ਉਹਨਾਂ ਦਾ
ਹੰਕਾਰ
ਸੱਤਾਧਾਰੀ ਦਾ
ਕੋਈ ਧਰਮ ਨਹੀਂ ਹੁੰਦਾ
ਨਾ ਕੋਈ ਜ਼ੁਬਾਨ
ਨਾ ਕੋਈ ਈਮਾਨ।
ਲੇਖਕ : ਹਰਪ੍ਰੀਤ ਕੌਰ ਸੰਧੂ।

# ਜਲ, ਜੰਗਲ ਤੇ ਜ਼ਮੀਨ ਦਾ ਸੰਕਟ (ਲੇਖ ਸੰਗ੍ਰਿਹ): ਪੁਸਤਕ ਰੀਵਿਊ (ਲੇਖਕ ਦਾ ਅਜੀਤਪਾਲ ਸਿੰਘ ਐਮ ਡੀ)



ਪੰਨੇ, 160 ਮੁੱਲ 100 ਰੁਪਏ
ਪ੍ਰਕਾਸ਼ਕ: ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ

ਡਾਕਟਰ ਅਜੀਤਪਾਲ ਸਿੰਘ ਵਿਗਿਆਨਕ ਸੋਚ ਦਾ ਧਾਰਨੀ,ਪੇਸ਼ੇ ਤੋਂ ਡਾਕਟਰ,ਤਰਕਸ਼ੀਲ, ਵਿਚਾਰਾਂ ਦਾ ਸਮਰਥਕ ਪੰਜਾਬੀ ਸਾਹਿਤ ਦੀ ਪੱਤਰਕਾਰਤਾ ਨੂੰ ਨਵੀਂ ਦੇਣ ਵਾਲਾ ਅਜਿਹਾ ਲੇਖਕ ਹੈ ਜਿਸਨੇ ਆਪਣੀਆਂ ਦਰਜਨਾ ਪੁਸਤਕਾਂ ਦੇ ਲੇਖਾਂ ਰਾਹੀਂ ਰਾਸ਼ਟਰੀ ਅੰਤਰਰਾਸ਼ਟਰੀ ਲੋਕਾਂ ਨਾਲ ਸੰਬੰਧਿਤ ਉਹਨਾਂ ਸਮੱਸਿਆਵਾਂ ਸਬੰਧੀ ਲਿਖਿਆ ਹੈ,ਜਿਹੜੇ ਲੋਕ ਦੁਸ਼ਮਣ ਸਰਕਾਰਾਂ ਗਲਤ ਵਿਨਾਸ਼ਕਾਰੀ ਨੀਤੀਆਂ ਜਾਂ ਅਤੰਕੀਆਂ ਜਾਂ ਸਰਮਾਏਦਾਰੀ ਪੈਦਾ ਕੀਤੀਆਂ ਹੋਈਆਂ ਹਨ | ਜਲ ਜੰਗਲ ਜਮੀਨ ਦਾ ਆਪਸੀ ਰਿਸ਼ਤਾ ਅਟੁੱਟ ਹੈ ਪਰ 21ਵੀਂ ਸਦੀ ਵਿੱਚ ਜਲ ਜੰਗਲ ਜਮੀਨ ਦਾ ਆਪਸੀ ਰਿਸ਼ਤਾ ਟੁੱਟ ਰਿਹਾ ਹੈ ਪਰ 21ਵੀਂ ਸਦੀ ਵਿੱਚ ਇਸ ਰਿਸ਼ਤੇ ਦੇ ਖੰਡਿਤ ਹੋ ਜਾਣ ਦਾ ਮੂਲ ਕਾਰਨ ਮਨੁੱਖ ਦੀ ਗਲਤ ਨੀਤੀ ਅਤੇ ਸਰਕਾਰਾਂ ਦੀ ਬਦਇੰਤਜਾਮੀ ਹੈ | ਅਨਾਜ ਉਤਪਾਦਨ ਵਧਾਉਣ, ਮੁਨਾਫੇ ਲਈ ਪੂੰਜੀ ਇਕੱਠੀ ਕਰਨ ਲਈ ਪੈਦਾਵਾਰ, ਸਾਧਨਾ ਦੀ ਦੁਰਵਰਤੋਂ ਕਰਨ, ਜਲ ਜੰਗਲ ਜਮੀਨ ਨੂੰ ਅਜੇਹਾ ਰੋਗੀ ਬਣਾ ਦਿੱਤਾ ਹੈ ਕਿ ਉਹਨਾਂ ਨੂੰ ਤੰਦਰੁਸਤ ਕਰਨਾ ਇੱਕ ਸਮੱਸਿਆ ਹੈ | ਲੇਖਕ ਨੇ ਦੁਨੀਆਂ ਦੀ ਉਹਨਾਂ ਉਨਤ ਦੇਸ਼ਾਂ ਦੀ ਉਪਜ ਨੀਤੀ ਦਾ ਅਧਿਅਨ ਤੇ ਖੋਜ ਕੀਤੀ ਹੈ ਜਿਨਾਂ ਨੇ ਸੰਤੁਲਿਤ ਢੰਗ ਨਾਲ ਅਨਾਜ ਪੈਦਾ ਕਰਨ ਦੇ ਵਿਗਿਆਕ ਆਪਣਾ ਕੇ ਪ੍ਰਦੂਸ਼ਨ ਨਹੀਂ ਵਧਾਇਆ ਹੈ, ਪਰ ਬਹੁਤੇ ਦੇਸ਼, "ਮੌਤ ਦਾ ਮਾਡਲ" ਅਨਾਜ ਉਤਪਾਦਨ ਕਰਨ ਲਈ ਪੈਦਾਵਾਰ ਸਾਧਨਾ ਦੀ ਦੁਰਵਰਤੋਂ ਕਰਨ ਜਲ ਜੰਗਲ ਜਮੀਨ ਨੂੰ ਅਜੇਹਾ ਰੋਗੀ ਬਣਾ ਦਿੱਤਾ ਹੈ ਕਿ ਉਹਨਾਂ ਨੂੰ ਤੰਦਰੁਸਤ ਕਰਨਾ ਇੱਕ ਸਮੱਸਿਆ ਹੈ | ਲੇਖਕ ਨੇ ਦੁਨੀਆਂ ਦੀ ਉਹਨਾਂ ਦੇਸ਼ਾਂ ਦੀਆਂ ਉਦਾਹਰਨਾਂ ਦੇ ਕੇ ਸਹੀ ਨੀਤੀ ਦੀ ਵਕਾਲਤ ਕੀਤੀ ਹੈ ਅਤੇ ਗਲਤ ਲੋਕ ਮਰੂ ਨੀਤੀਆਂ ਨੂੰ ਨਿੰਦਿਆ ਹੈ ਜਿਵੇਂ ਜਿਵੇਂ ਕਿਊਬਾ ਚ ਸਫਲ ਨੀਤੀ, ਖੇਤੀ ਵਿਕਾਸਸ਼ੀਲ ਦੇਸ਼ਾਂ ਚ ਅਨ ਸੰਕਟ,ਦੂਜਾ ਹਰਾ ਇਨਕਲਾਬ ਅਸਫਲ ਕਿਉਂ ? ਗਰੀਬ ਕਿਸਾਨ ਤੇ ਮੀਡੀਆ, ਲੋਕਾਂ ਤੇ ਰਾਜਨੀਤੀ ਦਾ ਸੋਕਾ,ਸਬਸਿਡੀ ਤੇ ਰਾਜਨੀਤੀ,ਭੁੱਖਮਰੀ ਕਿਉਂ ? ਸਬਜੀ ਦੇ ਉਤਪਦਕਾਂ ਦੀ ਦੁਰਦਸ਼ਾ ਕਿਉਂ ? ਭਾਰਤ ਚ ਮੁਰਦਿਆਂ ਦਾ ਬੋਲਣਾ, ਨਿਰਦੋਸ਼ ਨਾਗਰਿਕਾਂ ਉਪਰ ਝੂਠੇ ਕੇਸ, ਸਰਕਾਰੀ ਅੱਤਿਆਚਾਰ, ਆਪਰੇਸ਼ਨ ਗਰੀਨ ਹੰਟ, ਅੱਤਵਾਦ ਵਿਰੋਧੀ ਕੇਂਦਰ, ਨੇਪਾਲ ਵਰਤਮਾਨ ਤੇ ਭਵਿੱਖ, ਬੇਇਨਸਾਫੀ ਨਾ ਦੇ ਲੇਖ ਤਰਕਸ਼ੀਲ ਦ੍ਰਿਸ਼ਟੀ ਤੋਂ ਲੇਖਕ ਦੀ ਸਪਸ਼ਟ ਵਿਗਿਆਨਿਕ ਵਿਚਾਰਧਾਰਾ ਦਾ ਲੋਕ ਪੱਖੀ ਪ੍ਰਦਰਸਨ ਹੈ | ਇਸ ਪੁਸਤਕ ਵਿੱਚ ਇਸ ਪ੍ਰਕਾਰ ਦੇ ਮਸਲਿਆਂ ਨੂੰ ਲੈ ਕੇ 32 ਲੇਖਾਂ ਦਾ ਸੰਪਾਦਨ ਇਸ ਪੁਸਤਕ ਨੂੰ ਲੋਕ ਸੇਧ ਦੇਣ ਵਾਲੀ ਪੁਸਤਕ ਬਣਾਉਂਦਾ ਹੈ | ਇਹ ਪੁਸਤਕ ਪਾਰਟੀ ਪ੍ਰਚਾਰ ਨਹੀਂ ਲੋਕਾਂ ਚ ਵਿਗਿਆਨਿਕ ਵਿਚਾਰਧਾਰਾ ਦਾ ਸੰਚਾਰ ਕਰਨ ਦਾ ਵਧੀਆ ਉਪਰਾਲਾ ਹੈ | ਹਨੇਰੇ ਤੋਂ ਚਾਨਣ ਵੱਲ ਲੋਕ ਰੁਚੀਆਂ ਨੂੰ ਸਿਰਜਾਨਤਮਿਕ ਬਣਾਉਣ ਵਾਲੀ ਅਜਿਹੀ ਗਿਆਨਮਈ ਸੋਚ ਦਾ ਧਾਰਨ ਕਰਾਉਣ ਵਾਲੀ ਪੁਸਤਕ ਦਾ ਸਵਾਗਤ ਕਰਨਾ ਉਚਿਤ ਹੈ |

ਡਾਕਟਰ ਅਮਰ ਕੋਮਲ
084378 73565

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਧਨ ਦੌਲਤ ਨਾਲੋਂ ਵੱਧਕੇ,ਕੀਮਤ ਹੁੰਦੀ ਜੁਬਾਨਾਂ ਦੀ,ਮੁਕਰਣ ਵਾਲਾ ਕਹਿਣ ਸਿਆਣੇ ਕਿਸੇ ਵੀ ਮੁੱਲ ਦਾ ਨਹੀਂ ਬੰਦਾ।



ਧਨ ਦੌਲਤ ਨਾਲੋਂ ਵੱਧਕੇ,ਕੀਮਤ ਹੁੰਦੀ ਜੁਬਾਨਾਂ ਦੀ।
ਮੁਕਰਣ ਵਾਲਾ ਕਹਿਣ ਸਿਆਣੇ ਕਿਸੇ ਵੀ ਮੁੱਲ ਦਾ ਨਹੀਂ ਬੰਦਾ।

ਕਹਿੰਦੇ ਨੇ ਧਨ ਦੌਲਤ ਦੀ ਏਨੀ ਕੀਮਤ ਨਹੀਂ ਹੁੰਦੀ ਜਿੰਨੀਂ ਜੁਬਾਨ ਦੀ ਕੀਮਤ ਹੁੰਦੀ ਹੈ । ਇਨਸਾਨ ਦਾ ਕਹਿਣੀ ਕਥਨੀ ਦਾ ਇੱਕ ਹੋਣਾ ਉਸਦੇ ਕਿਰਦਾਰ ਦੀ ਕੀਮਤ ਨੂੰ ਹੋਰ ਵੀ ਚਾਰ ਚੰਨ ਲਗਾ ਦਿੰਦਾ ਹੈ,ਜਿਹੜਾ ਇਨਸਾਨ ਜੁਬਾਨ ਚੋਂ ਨਿਕਲੇ ਬੋਲਾਂ ਨੂੰ ਪੁਗਾਉਂਦਾ ਹੈ ਉਹ ਇਨਸਾਨ ਸਮਾਜ ਵਿੱਚ ਸਿਰ ਚੁੱਕ ਕੇ ਜ਼ਿੰਦਗੀ ਜਿਊਂਦਾ ਹੈ ਲੋਕ ਉਸਦੀ ਜੁਬਾਨ ਦੀਆਂ ਉਦਾਹਰਣਾਂ ਦਿੰਦੇ ਹਨ ਅਤੇ ਓਹਦੇ ਨਾਂ ਦੀਆਂ ਸੌਂਹਾਂ ਖਾਂਦੇ ਹਨ । ਸਾਡੇ ਬਜ਼ੁਰਗਾਂ ਦੀ ਇਹੋ ਤੇ ਖਾਸੀਅਤ ਸੀ ਕਿ ਜਿਹੜੇ ਬੋਲ ਇੱਕ ਵਾਰ ਮੂੰਹੋਂ ਨਿਕਲ ਗਏ ਓਹ ਕਿਸੇ ਵੀ ਕੀਮਤ ਉੱਤੇ ਪੂਰੇ ਕਰਦੇ ਸਨ, ਆਪਣੇ ਬੋਲਾਂ ਨੂੰ ਪੁਗਾਉਣ ਲਈ ਜਾਨ ਤੱਕ ਦੀ ਬਾਜੀ ਲਗਾ ਦਿੰਦੇ ਸਨ ਤਾਂ ਹੀ ਤੇ ਯਾਦ ਕੀਤਾ ਜਾਂਦਾ ਸੀ ਉਹਨਾਂ ਨੂੰ , ਸਿੱਖ ਇਤਿਹਾਸ ਵਿੱਚ ਕਿੰਨੇ ਸੂਰਮੇ ਹੋਏ ਜਿੰਨਾਂ ਗੁਰੂ ਮਹਾਰਾਜ ਨਾਲ ਕੀਤੇ ਬੋਲ ਪੁਗਾਏ ,ਬਾਬਾ ਬੰਦਾ ਸਿੰਘ ਬਹਾਦਰ ਜਿੰਨਾਂ ਨੇ ਆਪਣੇ ਬੋਲਾਂ ਤੇ ਖਰੇ ਉੱਤਰਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਂਦੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ, ਜਿਸਦੇ ਬਦਲੇ ਉਹਨਾਂ ਨੂੰ ਕਿੰਨੇ ਕਸ਼ਟ ਸਹਿਣੇ ਪਏ,ਆਪਣੇ 4 ਸਾਲਾਂ ਦੇ ਪੁੱਤਰ ਅਜੈ ਸਿੰਘ ਦਾ ਦਿਲ ਕੱਢ ਕੇ ਓਹਨਾਂ ਦੇ ਮੂੰਹ ਵਿੱਚ ਪਾਇਆ ਗਿਆ , ਅਤੇ ਸਰੀਰ ਦੇ ਸਾਰੇ ਅੰਗ ਕੱਟ ਕੇ ਸ਼ਹੀਦ ਕੀਤਾ ਗਿਆ,ਇਹ ਸੀ ਇੱਕ ਸਿੱਖ ਦਾ ਆਪਣੇ ਗੁਰੂ ਲਈ ਪਿਆਰ ਅਤੇ ਕੀਤੇ ਬੋਲ ਜਿਸਨੂੰ ਓਹਨਾਂ ਨੇ ਏਨੇ ਦੁੱਖ ਸਹਿ ਕੇ ਨਿਭਾਇਆ । ਇਸ ਤਰਾਂ ਦੀਆਂ ਲੱਖਾਂ ਉਦਾਹਰਣਾਂ ਨੇ ਜਿਸ ਵਿੱਚ ਆਪਾ ਵਾਰ ਕੇ ਵੀ ਜੁਬਾਨ ਦੇ ਮਹੱਤਵ ਨੂੰ ਪਹਿਲ ਦਿੱਤੀ ਗਈ । ਇਹ ਸੀ ਪਹਿਲੇ ਸਮਿਆਂ ਵਿੱਚ ਜੁਬਾਨ ਦੀ ਕੀਮਤ ਜਿਸਨੂੰ ਨਿਭਾਉਣਾ ਸਭ ਤੋਂ ਜਰੂਰੀ ਸਮਝਿਆ ਜਾਂਦਾ ਸੀ,ਪਰ ਅੱਜਕਲ੍ਹ ਦੇ ਸਮੇਂ ਵਿੱਚ ਸਾਰੇ ਤਾਂ ਨਹੀਂ ਪਰ ਬਹੁਤੇ ਲੋਕ ਕਦੀ ਆਪਣੇ ਬੋਲਾਂ ਤੇ ਨਹੀਂ ਖੜ੍ਹਦੇ ,ਕਹਿੰਦੇ ਕੁੱਝ ਕਰਦੇ ਕੁੱਝ,ਕਿਰਦਾਰਾਂ ਵਿੱਚ ਕੋਈ ਦਮ ਨਹੀਂ ,ਕਹਿਣੀ ਕਥਨੀ ਵਿੱਚ ਏਨਾ ਅੰਤਰ ਆ ਗਿਆ ਹੈ ਕਿ ਘੜ੍ਹੀ ਵਿੱਚ ਕੁੱਝ ਕਹਿੰਦੇ ਹਨ ਅਤੇ ਅਗਲੀ ਘੜ੍ਹੀ ਵਿੱਚ ਕੁੱਝ ,ਝੱਟ ਬਦਲ ਜਾਂਦੇ ਹਨ ਕੋਈ ਚਿੱਤ ਖਿਆਲ ਵਿੱਚ ਨਹੀਂ ਹੁੰਦਾ ਕਿ ਜੋ ਕਿਹਾ ਸੀ ਉਸਨੂੰ ਪੂਰਾ ਵੀ ਕਰਨਾ ਹੈ ,ਕਹਿਣ ਦਾ ਭਾਵ ਇਨਸਾਨੀ ਕਦਰਾਂ ਕੀਮਤਾਂ ਵਿੱਚ ਬਹੁਤ ਗਿਰਾਵਟ ਆ ਗਈ। ਮੇਰੇ ਨਾਲ ਰੋਜ਼ਾਨਾ ਇਹੋ ਜਿਹੇ ਲੋਕਾਂ ਦਾ ਵਾਹ ਰਹਿੰਦਾ ਤਾਂ ਹੀ ਤੇ ਹੁਣ ਐਗਰੀਮੈਂਟ ਹੋਣ ਲੱਗ ਪਏ ਹਨ ਕਿਉਂਕਿ ਜੁਬਾਨ ਦੀ ਤੇ ਕੀਮਤ ਹੀ ਕੋਈ ਨਹੀਂ ਰਹਿ ਗਈ ਲੋਕ ਤਾਂ ਐਗਰੀਮੈਂਟ ਕਰਕੇ ਵੀ ਧੋਖਾ ਦੇ ਜਾਂਦੇ ਹਨ । ਪਹਿਲਾਂ ਪਹਿਲਾਂ ਤਾਂ ਲੋਕ ਜ਼ਮੀਨਾਂ ਸਿਰਫ਼ ਮੂੰਹ ਜੁਬਾਨੀ ਵਟਾ ਲੈਂਦੇ ਸੀ ਵੱਡੇ ਵੱਡੇ ਸੌਦੇ ਮੂੰਹ ਜੁਬਾਨੀ ਹੋ ਜਾਂਦੇ ਸੀ ਹੁਣ ਲੋਕ ਲਿਖਤਾਂ ਪੜ੍ਹਤਾਂ ਕਰਕੇ ਬਦਲ ਜਾਂਦੇ ਹਨ ਪਰ ਫਿਰ ਵੀ ਇੱਕ ਗੱਲ ਕਹਾਂਗੀ ਕੀਤੇ ਹੋਏ ਕੌਲ ਨਿਭਾਉਣਾ ,ਦਿੱਤੀ ਹੋਈ ਜੁਬਾਨ ਤੇ ਖਰੇ ਉਤਰਨਾ,ਤੁਹਾਡੇ ਕਿਰਦਾਰ ਦੀ ਇੱਕ ਨਿਵੇਕਲੀ ਪਛਾਣ ਬਣਾਉਂਦੇ ਹਨ। ਇਨਸਾਨ ਓਹੀ ਜੋ ਕਹਿਣੀ ਕਥਨੀ ਦਾ ਇੱਕ ਹੋਵੇ ,ਦਲ ਬਦਲੂ ਅਤੇ ਫੇਰਵੇਂ ਚੁੱਲ੍ਹੇ ਕਦੇ ਸਮਾਜ ਵਿੱਚ ਇੱਜ਼ਤ ਨਹੀਂ ਕਮਾ ਸਕਦੇ ਕਿ ਜਿੱਧਰ ਫ਼ਾਇਦਾ ਨਜ਼ਰ ਆਏ ਓਧਰ ਹੀ ਮੂੰਹ ਚੁੱਕ ਕੇ ਤੁਰ ਪਵੇ ,ਇਹੋ ਜਿਹੇ ਲੋਕਾਂ ਲਈ ਇੱਕ ਦਿਨ ਅਜਿਹਾ ਆਉਂਦਾ ਧੋਬੀ ਦਾ ਕੁੱਤਾ ਨਾ ਘਰ ਦਾ ਨਾਂ ਘਾਟ ਦਾ।

✍️ ਹਰਵਿੰਦਰ ਕੌਰ ਕਾਹਲੋਂ

# ਅੰਬਰਸਰ ਦਾ ਟੇਸ਼ਣ (ਜਗਤਾਰ ਸਿੰਘ ਧਾਲੀਵਾਲ) ਭਗਵਾਨ ਗੜ੍ਹ ਭੁੱਖਿਆਂ ਵਾਲੀ (ਬਠਿੰਡਾ)




ਆਖੇ ਤੇਰੀ ਲਿਖਤ ' ਚ ਮੁਹੱਬਤ ਦੀ ਗੱਲ ਨਹੀਂ ਹੁੰਦੀ , ਮੈਂ ਕਿਹਾ ਹੁੰਦੀ ਐ ਨਾਨਕ ਦੀਆਂ ਉਦਾਸੀਆਂ ਦੀ ਗੱਲ ਭਾਈ ਮਰਦਾਨੇ ਅਤੇ ਨਾਨਕ ਦੇ ਸਾਥ ਦੀ ਗੱਲ ਹੁੰਦੀ ਐ। ਜਿੱਥੇ ਮੇਰਾ ਵਾਸਾ ਉੱਥੇ ਤੇਰਾ ਵਾਸਾ , ਇਹਨਾ ਵਰਗੀ ਮੁਹੱਬਤ ਕੌਣ ਕਰ ਸਕਦੈ ? ? ? ਮਰਦਾਨਾ ਮਿਲਿਆ ਤਾਂ ਪੁੱਛਣਾ ਨਾਨਕ ਮਗਰ ਤੁਰਦਿਆਂ ਕਿਵੇਂ ਲਗਦਾ ਸੀ।

ਇਨਸਾਨ ਦਾ ਅਸਲ ਚਰਿੱਤਰ ਉੱਥੋਂ ਪਤਾ ਲਗਦਾ ਕਿ ਉਹ ਖੂਨ ਦੇ ਰਿਸ਼ਤਿਆਂ ਤੋਂ ਇਲਾਵਾ ਉਹਨਾਂ ਰਿਸ਼ਤਿਆਂ ਨਾਲ ਕਿਵੇਂ ਪੇਸ਼ ਆਉਂਦਾ। ਜਿਹੜੇ ਉਸਨੇ ਆਪ ਕਮਾਏ ਹੁੰਦੇ ਜਾਂ ਉਹਨਾਂ ਲਈ ਕੀ ਕਰਦਾ ਹੈ ਜਿਹੜੇ ਉਸ ਲਈ ਕੁੱਝ ਨਹੀਂ ਕਰ ਸਕਦੇ। ਪਰ ਨਾਨਕ ਨੇ ਤਾਂ ਇੱਕ ਮਰਜਾਣੇ ਮਾਂ ਦੇ ਪੁੱਤ ਨੂੰ ਮਰਦਾਨਾ ਕਰ ਦਿੱਤਾ।

ਅਸੀ ਮਾਂ ਦੇ ਮੋਹ ਤੋਂ ਸੱਖਣੇ ਮੁੰਡੇ ਕਿਸੇ ਪਿਓ ਦੀ ਧੀ ਨੂੰ ਪੈਰੀਂ ਹੱਥ ਲਾਕੇ ਮਾਂ ਆਖ ਦਿੰਦੇ , ਇਸਤੋਂ ਵੱਧ ਕੀ ਕਰ ਸਕਦੇ ? ਅਸੀਂ ਕਿਸੇ ਦੇ ਦਿੱਤੇ ਪੈਸਿਆਂ ਤੋਂ ਸਰਾਬ ਹੀ ਖਰੀਦਦੇ ਰਹੇ , ਮਰਦਾਨੇ ਵਾਂਗ ਰਬਾਬ ਨਹੀਂ। ਪਰ ਇਹ ਸਭ ਗੁਨਾਹ ਮਾਵਾਂ ਨੂੰ ਮਿਲਣ ਤੋਂ ਪਹਿਲਾਂ ਦੇ ਹਨ ਜਿੰਦ ਕੌਰ ਕਹਿੰਦੀ ਹੁੰਦੀ ਉਹ ਗੁਨਾਹ ਤਾਂ ਰੱਬ ਵੀ ਲੇਖੇ ਵਿੱਚ ਨਹੀਂ ਪਾਉਂਦਾ।

ਬਾਬੇ ਨਾਨਕ ਦੀ ਜਨਮ ਸਾਖੀ ਅਨੁਸਰ ਨਾਨਕ ਦੇ ਜਨਮ ਤੋਂ ਕੁੱਝ ਮਹੀਨੇ ਪਹਿਲਾਂ ਰਾਏ ਭੋਏ ਦੀ ਤਲਵੰਡੀ ਦਾ ਨਵਾਵ ਧਾਰਮਿਕ ਖਿਆਲਾਂ ਵਾਲਾ ਹੋ ਗਿਆ। ਵੈਰ , ਵਿਰੋਧ ਵੱਡੇ - ਵੱਡੇ ਗੁਨਾਹ ਬੰਦ ਹੋ ਗਏ। ਮੇਰਾ ਸਭ ਤੋਂ ਵੱਡਾ ਗੁਨਾਹ ਇਹੀ ਹੈ ਕਿ ਅੱਜ ਤੋਂ ਪਹਿਲਾਂ ਬਾਣੀ ਮੁਹੱਬਤ ਅਤੇ ਅਹਿਸਾਸ ਬਣਕੇ ਧੜਕੀ ਨਹੀਂ। ਜੇ ਬਾਬਾ ਨਾਨਕ ਅਤੇ ਮਾਵਾਂ ਗੁਨਾਹਾਂ ਦੇ ਪਰਦੇ ਨਾ ਕੱਜਨ ਉਸ ਦਿਨ ਕੋਈ ਮੂੰਹ ਦਿਖਾਉਣ ਯੋਗ ਨਾ ਰਹੇ। ਮਾਂ ਇਹ ਵੀ ਕਹਿੰਦੀ ਹੁੰਦੀ , ਜਿਸ ਦਿਨ ਅੰਮ੍ਰਿਤ ਦੀ ਘੁੱਟ ਪੀ ਲਵੇਗਾ ਦਸ ਲੱਖ ਨਾਲ ਇੱਕਲਾ ਲੜੇਗਾ। ਜਿਨਾ ਚਿਰ ਸੱਚ ਸਮਝ ਨਹੀਂ ਆਉਂਦਾ ਸਭ ਝੂਠ ਹੀ ਲਗਦੈ।

ਸੱਚ ਮਾਂ ਕਹਿੰਦੀ ਹੁੰਦੀ ਹਰ ਇੱਕ ਲਿਖਾਰੀ ਮਰਦਾ ਨਹੀਂ ਬਹੁਤਿਆਂ ਨੂੰ ਬਚਾ ਲੈਂਦਾ ਲਿਖਤਾਂ ਰਾਹੀਂ। ਸੱਚੀਂ ਮਾਵਾਂ ਦੇ ਚਿੱਟੇ ਕੇਸਾਂ ਦਾ ਮੁਕਾਬਲਾ ਕੋਈ ਲਿਖਤ ਜਾਂ ਕਿਸੇ ਕਨੇਡਾ ਦੀ ਚਿੱਟੀ ਬਰਫ਼ ਵੱਲ ਭੱਜਣ ਵਾਲੇ ਪੈਰ ਨਹੀਂ ਕਰ ਸਕਦੇ। ਜਿਹੜੇ ਪੈਰ ਨਾਨਕ ਬਾਅਦ ਨਾਨਕ ਵਾਂਗ ਅੱਗੇ ਤੁਰਦੇ ਹਨ। ਮੈਨੂੰ ਗੁਰਰਾਜ ਸਿੰਘ ਚਾਚਾ ਜੀ ਨੇ ਕਿਹਾ ਸੀ , ਆਪਣੀ ਜਿੱਦ ਪੂਰੀ ਕਰਨ ਲਈ ਕਿਸੇ ਦੇ ਪੈਰ ਮਿੱਧ ਕੇ ਅੱਗੇ ਨਾ ਲੰਘੀਂ , ਨਾਲੇ ਬਾਬਾ ਮਰਦਾਨਾ ਜੀ ਨਾਨਕ ਦੇ ਪਿੱਛੇ ਤੁਰਦੇ ਸਨ। ਮੈਂ ਕਿਹਾ ਪਰ ਸਰੀਰ ਤਾਂ ਨਾਨਕ ਤੋਂ ਪਹਿਲਾਂ ਛੱਡ ਗਏ। ਗੁਰੂ ਘਰ ਦੇ ਪਹਿਲੇ ਕੀਰਤਨੀਏ ਭਾਈ ਮਰਦਾਨੇ ਵਾਂਗ ਮਾਵਾਂ ਹੀ ਸਾਡੀ ਪਹਿਲੀ ਮੁਹੱਬਤ ਹੁੰਦੀਆਂ ਪਰ ਨਾਨਕ ਦੇ ਪਿੱਛੇ ਤੁਰਨ ਵਾਲਾ ਵੀ ਨਾਨਕ ਨੂੰ ਰੋਕ ਨਹੀਂ ਸਕਿਆ।

ਡਰ ਲਗਦਾ ਰੋਕ ਅਸੀਂ ਵੀ ਨਹੀਂ ਸਕਦੇ , ਜਿਵੇਂ ਮਾਵਾਂ ਬਗੈਰ ਮਰਦ ਵਾਲੇ ਘਰ ਤੋਂ ਡਰਦਿਆਂ , ਮਾਵਾਂ ਬਗੈਰ ਘਰ ਵੀ ਕਬਰਸਤਾਨ ਲਗਦੇ। ਕਹਿੰਦੇ ਬੰਦਾ ਮਰਕੇ ਪੂਰਾ ਹੋ ਜਾਂਦਾ , ਰਿਸ਼ਤਿਆਂ ਦੇ ਨਿੱਘ ਬਗੈਰ ਅਧੂਰਾ ਹੀ ਰਹਿੰਦਾ। ਜਿਵੇਂ ਸੰਸਕਾਰ ਕਰਨ ਮਗਰੋਂ ਚੁਗੇ ਹੋਏ ਫੁੱਲਾਂ ਬਾਅਦ ਰਾਖ ਵਿੱਚ ਕੁੱਝ ਫੁੱਲ ਰਹਿ ਜਾਂਦੇ। ਇਹ ਪਿੰਡ ਦੀ ਮਿੱਟੀ ਅਤੇ ਸਿਵੇ ਨਾਲ ਮੁਹੱਬਤ ਦੀ ਗੱਲ , ਓਵੇਂ ਲਹੂ ਕਸੀਦ ਕੇ ਲਿਖੀਆਂ ਲਿਖਤਾਂ ਵਾਲੀਆਂ ਕਿਤਾਬਾਂ ਨੂੰ ਲਿਖਾਰੀ ਦੇ ਜਾਣ ਮਗਰੋਂ ਸਾਂਭ ਲੈਣਾ ਮੁਹੱਬਤ ਦੀ ਗੱਲ ਤਾਂ ਹੈ। ਭਗਤ ਪੂਰਨ ਅਤੇ ਪਿਆਰਾ ਸਿੰਘ ਦੀ ਗੱਲ ਮੁਹੱਬਤ ਦੀ ਗੱਲ ਹੀ ਤਾਂ ਹੈ। ਜਿਵੇਂ ਬਾਬਾ ਕੇਹਰ ਸਿੰਘ ਦੀ ਇੱਛਾ ਸੀ ਕੀਰਤਨ ਕਰਦੇ ਸਰੀਰ ਛੱਡਣ ਓਵੇਂ ਹੁਕਮਨਾਮਾ ਲੈਕੇ ਮਿੱਟੀ ਹੋਣਾ ਮੁਹੱਬਤ ਦੀ ਗੱਲ ਹੀ ਤਾਂ ਹੈ। ਜਿਉਂਦੇ ਜੀਅ ਅੰਬਰਸਰ ਦੇ ਟੇਸ਼ਣ ਤੋਂ ਲਹੌਰ ਜਾਣ ਦੀ ਜਿੱਦ ਕਰਨਾ ਮੁਹੱਬਤ ਦੀ ਗੱਲ ਹੀ ਤਾਂ ਹੈ।

ਜਗਤਾਰ ਸਿੰਘ ਧਾਲੀਵਾਲ
ਭਗਵਾਨ ਗੜ੍ਹ ਭੁੱਖਿਆਂ ਵਾਲੀ (ਬਠਿੰਡਾ)

# "ਸਾਡਾ ਵਿਰਸਾ" "ਡੋਲੀ ਤੋਰਨ ਵੇਲੇ ਰਥ/ਗੱਡੇ ਜਾਂ ਕਾਰ ਦੇ ਪਹੀਆਂ ਤੇ ਪਾਣੀ ਪਾਉਣਾ"



ਪੁਰਾਤਨ ਸਮਿਆਂ ਵਿੱਚ ਰਾਜੇ ਰਜਵਾੜੇ ਨਵਾਬਾਂ ਦੀ ਅਸਵਾਰੀ ਆਮ ਤੌਰ ਤੇ ਹਾਥੀ ਘੋੜੇ ਬੱਗੀ ਤੇ ਰੱਥ ਹੁੰਦੇ ਸੀ। ਆਰਥਿਕ ਤੇ ਰਾਜਨੀਤਿਕ ਦਰਜੇ ਅਨੁਸਾਰ ਇਹ ਅਸਵਾਰੀ ਦੀ ਵਰਤੋਂ ਕਰਦੇ ਸੀ ਇਹਨਾਂ ਘਰਾਣਿਆਂ ਨਾਲ ਸੰਬੰਧਿਤ ਰਥਾਂ ਨੂੰ ਆਮ ਤੌਰ ਤੇ ਘੋੜੇ ਖਿੱਚਦੇ ਸਨ ਅਤੇ ਰਥਾਂ ਨੂੰ ਰਥਵਾਨ ਸਾਰਥੀ ਚਲਾਉਂਦੇ ਸਨ। ਰਥਾਂ ਅੱਗੇ ਆਮ ਤੌਰ ਤੇ ਦੋ ਘੋੜੇ ਜੁੜਦੇ ਸੀ ਕਈ ਰਥਾਂ ਅੱਗੇ ਦੋ ਤੋਂ ਵੱਧ ਘੋੜੇ ਵੀ ਜੁੜਦੇ ਸੀ ਪਰ ਵੱਧ ਘੋੜੇ ਸੰਭਾਲਣੇ ਤੇ ਚਲਾਉਣੇ ਹਰ ਇੱਕ ਸਾਰਥੀ ਦੇ ਵੱਸ ਦੀ ਗੱਲ ਨਹੀਂ ਹੁੰਦੀ ਸੀ ਰਾਣੀਆਂ ਬੇਗਮਾਂ ਤੇ ਰਾਜਕੁਮਾਰੀਆਂ ਦੇ ਜਾਣ ਆਉਣ ਲਈ ਬੱਗੀ ਜਾਂ ਪਾਲਕੀ ਦੀ ਵਰਤੋਂ ਹੁੰਦੀ ਸੀ। ਪਾਲਕੀ ਨੂੰ ਆਮ ਤੌਰ ਤੇ ਸੇਵਕ ਹੀ ਢੋਂਦੇ ਸਨ। ਸਰਦਾਰ ਜਨਤਾ ਦੀ ਸਵਾਰੀ ਘੋੜੇ ਰੱਥ ਗੱਡੇ ਤੇ ਗਡਬੈਰ ਵਰਤੇ ਜਾਂਦੇ ਸੀ ਇਹਨਾਂ ਅੱਗੇ ਆਮ ਤੌਰ ਤੇ ਸੀਲ ਤੇ ਸਡੋਲ ਬਲਦ ਜੋੜੇ ਜਾਂਦੇ ਸੀ ਕਈ ਵਾਰ ਜੇ ਰਾਸਤਾ ਰੇਤਲਾ ਜਾਂ ਚੀਲਿਆਂ ਵਾਲਾ ਹੋਵੇ ਤਾਂ ਰਥ ਜਾਂ ਗੱਡੇ ਅੱਗੇ ਚੌਕੜੇ ਚਾਰ ਬੈਲ ਜੋੜ ਦਿੰਦੇ ਸਨ ਤੇ ਕਿਸੇ ਸਿਆਣੇ ਗਾਡੀ ਨੂੰ ਰਥ ਗੱਡਾ ਹੱਕਣ ਲਾਉਂਦੇ ਸਨ। ਵਿਆਹ ਸ਼ਾਦੀਆਂ ਵਿੱਚ ਸਮਰੱਥਾ ਅਨੁਸਾਰ ਰਥ ਜਾਂ ਗੱਡ ਬੈਲ ਦੀ ਵਰਤੋਂ ਕਰਦੇ ਸੀ। ਰੱਥ ਵਿੱਚ ਸਾਰਥੀ ਤੋਂ ਪਿੱਛੋਂ ਨੂੰ ਮੂੰਹ ਕਰਕੇ ਦੋ ਸੀਟਾਂ ਤੇ ਰਥ ਦੇ ਵਿਚਲੇ ਪਾਸੇ ਅੱਗੇ ਨੂੰ ਮੂੰਹ ਕਰਕੇ ਦੋ ਵਾਲੀ ਸੀਟ ਇਸ ਤਰ੍ਹਾਂ ਚਾਰ ਜਣੇ ਆਹਮੋ ਸਾਹਮਣੇ ਬੈਠ ਸਕਦੇ ਸੀ। ਇੱਕ ਤੇ ਲਾੜਾ ਤੇ ਸਰਵਾਲਾ ਤੇ ਦੂਜੀ ਤੇ ਦੁਲਹਨ ਤੇ ਉਸਦੀ ਸੇਵਾਦਾਰ ਗੋਲੀ ਬੈਠਦੀਆਂ ਸਨ। ਕਿਸੇ ਵੀ ਦੁਲਹਨ ਨਾਲ ਪਹਿਲੀ ਵਾਰ ਨਗਰ ਦੀ ਸਤਿਕਾਰਯੋਗ ਨੈਨ ਮਾਈ ਸਹੁਰੇ ਜਾਂਦੀ ਸੀ ਇਸ ਨਾਲ ਲੜਕੀ ਨੂੰ ਮਾਨਸਿਕ ਤੇ ਮਨੋਵਿਗਿਆਨਿਕ ਬਲ ਮਿਲਦਾ ਸੀ ਸੰਗ ਝਿਜਕ ਦੀ ਕੋਈ ਗੱਲ ਜਾਂ ਜਰੂਰਤ ਉਸ ਨਾਲ ਸਾਂਝੀ ਕਰ ਸਕਦੀ ਸੀ ਇੱਕ ਤਰ੍ਹਾਂ ਦੀ ਉਹ ਸਹੇਲੀ ਮਾਂ ਦਾ ਰੋਲ ਅਦਾ ਕਰਦੀ ਸੀ ਕਈ ਵਾਰ ਜੇ ਰਥ ਜਾਂ ਗੱਡ ਬੈਲ ਨਾ ਹੋਵੇ ਤਾਂ ਸਫਰ ਨੇੜੇ ਹੁੰਦਾ ਤਾਂ ਡੋਲੀ ਵਿੱਚ ਵੀ ਦੁਲਹਨ ਦੇ ਨੈਨ ਮਾਈ ਜਾਂਦੀਆਂ ਤੇ ਦੂਲਾ ਤੇ ਬਰਾਤ ਸਭ ਹਾਲਤਾਂ ਵਿੱਚ ਆਪਣੇ ਸਾਧਨ ਤੇ ਡੋਲੀ ਦੇ ਨਾਲ ਨਾਲ ਅੱਗੇ ਪਿੱਛੇ ਚਲਦੇ ਰਹਿੰਦੇ ਸੀ। ਰਾਤ ਗਡ ਮਹਿਲ ਜਾਂ ਬੱਗੀ ਦਾ ਛੱਤ ਵਾਲਾ ਭਾਗ ਗੁੰਬਦਨੁਮਾ ਹੋਣ ਕਰਕੇ ਬਾਰਿਸ਼ ਤੋਂ ਬਚਾ ਕਰਦਾ ਸੀ ਉਸ ਸਮੇਂ ਭਾਵੇਂ ਰਥ ਹੋਵੇ ਤੇ ਭਾਵੇਂ ਗੱਡ ਬੈਲ ਪਈਏ ਸਭਨਾਂ ਦੀ ਲੱਕੜੀ ਦੇ ਹੀ ਬਣੇ ਹੁੰਦੇ ਸੀ ਗਰਮੀ ਨਾਲ ਜਾਂ ਸਫਰ ਵਿੱਚ ਚੱਲਣ ਨਾਲ ਗਰਮ ਹੋਈ ਖੁਸ਼ਕ ਲੱਕੜੀ ਤੇੜਾਂ ਪਾ ਕੇ ਪਾਟਦੀ ਸੀ। ਪਈਏ ਦਾ ਟੁੱਟਣ ਦਾ ਡਰ ਰਹਿੰਦਾ ਸੀ ਇਸ ਦੇ ਬਚਾਓ ਦੀ ਸੁੱਖਾਂ ਸੁੱਖਦੀ ਮਾਂ ਬੜੇ ਸ਼ਰਧਾ ਤੇ ਪਿਆਰ ਨਾਲ ਪੂਰਾ ਖੁੱਲਾ ਪਾਣੀ ਪਹੀਆਂ ਤੇ ਪਾਉਂਦੀ ਸੀ ਤਾਂ ਜੋ ਰਸਤੇ ਵਿੱਚ ਕੋਈ ਮੁਸ਼ਕਿਲ ਨਾ ਆਵੇ। ਇਸ ਤਰਾਂ ਪਹੀਆਂ ਵਿੱਚਲੇ ਲੋਹੇ ਦੇ ਧੁਰੇ ਨੂੰ ਤੇਲ ਖਲ ਦਾ ਲੇਪ ਲਗਾ ਕੇ ਚੰਗੀ ਤਰ੍ਹਾਂ ਚੋਪੜਿਆ ਹੁੰਦਾ ਸੀ ਪਹੀਏ ਦੀ ਨਾਭੀ ਵੀ ਚੰਗੀ ਤਰ੍ਹਾਂ ਅੰਦਰੋਂ ਚੋਪੜ ਦਿੰਦੇ ਸੀ। ਇਸ ਤਰਾਂ ਮਾਂ ਵੱਲੋਂ ਪਾਣੀ ਦੀ ਰਸਮ ਤੋਂ ਦੁਲਹਨ ਦੇ ਭਰਾ ਰਥ ਨੂੰ ਗੱਡ ਬੈਲ ਨੂੰ ਧੱਕਾ ਲਾਉਂਦੇ ਸੀ ਤਾਂ ਜੋ ਅੱਗੇ ਜੋੜੇ ਘੋੜਿਆਂ ਜਾਂ ਬਲਦਾਂ ਦਾ ਇਕਦਮ ਜੋਰ ਨਾ ਲੱਗੇ ਵਾਹਨ ਨੂੰ ਝਟਕਾ ਨਾ ਵਜੇ। ਇਸ ਤਰ੍ਹਾਂ ਧੀਮੀ ਚਾਲੇ ਰਾਤ ਜਾਂ ਗੱਡ ਬੈਲ ਚੱਲ ਕੇ ਆਪਣੀ ਗਤੀ ਬਣਾ ਲਵੇ ਸਾਧਨਾ ਅਨੁਸਾਰ ਇਹ ਉਸ ਸਮੇਂ ਦੀਆਂ ਲੋੜਾਂ ਸੀ। ਇਸ ਤਰਾਂ ਇਹਨਾਂ ਦੀ ਪੂਰਤੀ ਲਈ ਉਸ ਸਮੇਂ ਦੀ ਵਿਗਿਆਨਿਕ ਵਿਧੀ ਨੂੰ ਸ਼ੁਭ ਸ਼ਗਨ ਅਤੇ ਧਾਰਮਿਕ ਭਾਵਨਾ ਦੀ ਸ਼ਰਧਾ ਨਾਲ ਰਸਮ ਵਾਂਗ ਨਿਭਾਉਣਾ ਇਹ ਬੜੀ ਸਮਝਦਾਰੀ ਨਾਲ ਲੱਭੇ ਵਿਚਾਰੇ ਹੱਲ ਸਨ।

ਸਮਾਂ ਸਮਾਜ ਵਿਗਿਆਨ ਅਤੇ ਵਿਕਾਸ ਆਪਣੀ ਗਤੀ ਨਾਲ ਚਲਦੇ ਰਹਿੰਦੇ ਹਨ ਲੱਕੜ ਦੇ ਪਈਆਂ ਤੋਂ ਟਿਊਬਲੈਸ ਟਾਇਰ ਤੱਕ ਪਹੁੰਚ ਗਿਆ ਹੈ। ਕਾਰ ਹਵਾਈ ਜਹਾਜ ਹੈਲੀਕਾਪਟਰ ਤੱਕ ਪਹੁੰਚ ਗਿਆ ਹੈ ਨਾਲੋ ਨਾਲ ਜਨਤਾ ਦੀ ਸਵਾਰੀ ਸਾਈਕਲ ਵੀ ਹਵਾ ਭਰ ਕੇ ਟਿਊਬ ਟਾਇਰ ਵਾਲੇ ਪਹੀਏ ਬਣ ਗਏ ਹਨ ਇਹ ਸਭੇ ਲੱਕੜ ਦੇ ਪਈਏ ਦਾ ਵਿਕਾਸ ਹੀ ਹੈ। ਵਿਆਹ ਸ਼ਾਦੀਆਂ ਨੇ ਵੀ ਸਮੇਂ ਦੇ ਨਾਲ ਆਪਣੇ ਢੰਗ ਤਰੀਕੇ ਅਤੇ ਸਰੂਪ ਬਦਲ ਲਏ ਹਨ ਬਰਾਤਾਂ ਕਾਰਾਂ ਤੇ ਮੰਦਰ ਗੁਰਦੁਆਰੇ ਜਾਂ ਕਿਸੇ ਦੀ ਹਵੇਲੀ ਤੋਂ ਬਰਾਤ ਦਾ ਉਤਾਰਾ ਧਰਮਸ਼ਾਲਾ ਤੇ ਉਸ ਤੋਂ ਲੰਘ ਕੇ ਹੁਣ ਮੈਰਜ ਪੈਲਸਾਂ ਤੱਕ ਪਹੁੰਚ ਗਿਆ ਹੈ। ਪਰ ਗੀਤ ਗਿੱਧੇ ਭੰਗੜੇ ਤੇ ਸਿੱਠਣੀਆਂ ਤਾਂ ਉਹੀ ਹਨ ਫਿਰ ਵੀ ਇਹਨਾਂ ਵਿੱਚ ਆਰਕੈਸਟਰਾ ਵਗੈਰਾ ਦੇ ਵਾਧੇ ਵੀ ਹੋ ਗਏ ਹਨ। ਮਸ਼ੀਨਾਂ ਰਾਹੀਂ ਰਿਕਾਰਡ ਕੀਤੇ ਗੀਤ ਸੰਗੀਤ ਵੀ ਆਪਣਾ ਰੰਗ ਵਿਖਾ ਹੀ ਦਿੰਦੇ ਹਨ ਡੋਲੀ ਦੀ ਵਦਾਈ ਕਈ ਵਾਰ ਪੈਲਸ ਤੋਂ ਅਤੇ ਕਦੇ ਕਦਾਈਂ ਘਰੋਂ ਕੀਤੀ ਜਾਂਦੀ ਹੈ ਹੁਣ ਲੜਕੀ ਦੇ ਨਾਲ ਡੋਲੀ ਵਿੱਚ ਗੋਲੀ ਜਾ ਨੈਣ ਜਾਣ ਦਾ ਰਿਵਾਜ ਤਾਂ ਲਗਭਗ ਬੰਦ ਹੀ ਹੋ ਗਿਆ ਸਗੋਂ ਇਹ ਕੰਮ ਹੁਣ ਵਿਚੋਲਣ ਨਿਭਾ ਦਿੰਦੀ ਹੈ ਬਾਕੀ ਰਸਮਾਂ ਤਾਂ ਪ੍ਰਚਲਤ ਹਨ ਹੀ ਵਧਾਈ ਕੁੜੀਆਂ ਔਰਤਾਂ ਗਾਉਂਦੀਆਂ ਹਨ" ਸਾਡਾ ਚਿੜੀਆਂ ਦਾ ਚੰਬਾ ਬਾਬਲ ਅਸੀਂ ਉੱਡ ਜਾਣਾ, ਸਾਡੀ ਲੰਬੀ ਉਡਾਰੀ ਵੇ ਬਾਬਲ ਕਿਹੜੇ ਦੇਸ਼ ਜਾਣਾ" ਵਿਦਾਈ ਤਾਂ ਉਸੇ ਤਰ੍ਹਾਂ ਹੁੰਦੀ ਹੈ ਪਰ ਰਥ ਗੱਡੇ ਬੈਲ ਦੀ ਥਾਂ ਤੇ ਕਾਰ ਹੁੰਦੀ ਹੈ ਮਾਂ ਉਸੇ ਤਰ੍ਹਾਂ ਹੀ ਕਾਰ ਦੇ ਪਈਏ ਤੇ ਪਾਣੀ ਪਾਉਂਦੀ ਹੈ ਤੇ ਭਰਾ ਕਾਰ ਨੂੰ ਧੱਕਾ ਲਾਉਂਦੇ ਹਨ ਕਾਰ ਵਿੱਚ ਦੁੱਲਾ ਦੁਲਹਨ ਤੇ ਕੋਈ ਹੋਰ ਸਵਾਰੀ ਤੇ ਕਈ ਵਾਰ ਵਿਚੋਲਣ ਹੁੰਦੇ ਹਨ। ਮੇਲਣਾ ਨਾਲ ਗੀਤ ਗਾਉਂਦੀਆਂ ਰਹਿੰਦੀਆਂ ਹਨ ਕਈ ਵਾਰ ਗਿੱਧਾ ਪਾਉਂਦੀਆਂ ਹਨ ਮਾਂ ਤੇ ਬਾਪ ਧੀ ਤੋਰ ਕੇ ਉਦਾਸ ਜਿਹੇ ਅਗਲੇ ਦਿਨ ਦੁਲਹਨ ਦੀ ਵਾਪਸ ਲਈ ਭਰਾ ਤੇ ਹੋਰ ਕਿਸ ਕਿਸ ਨੇ ਜਾਣਾ ਹੈ ਦੀ ਸਲਾਹ ਕਰਨ ਲੱਗਦੇ ਹਨ ਤੇ ਵਾਪਸ ਲਿਆਉਣ ਦੀ ਰਸਮ ਉਡੀਕਦੇ ਹਨ। ਹੋਰ ਤਾਂ ਹੋਰ ਰਸਮਾਂ ਵੀ ਮੋਹ ਮਮਤਾ ਦੀ ਡੂੰਘਾਈ ਤੱਕ ਪਹੁੰਚ ਗਈਆਂ ਹਨ।

(ਦੋਸਤੋ ਇਹ ਵਿਰਸੇ ਪ੍ਰੀ ਲੇਖ ਦੇ ਮੂਲ ਲੇਖਕ ਸਵ:ਬਾਬੂ ਲਾਲ ਮੈਣੀ ਜੀ ਹਨ) ਪਿਛਲੇ ਸਾਲ ਇੱਕ ਲੜਕੀ ਦੀ ਸ਼ਾਦੀ ਦੇ ਆਧਾਰ ਤੇ ਵਿਦੇਸ਼ ਜਾਣ ਲਈ ਵੀਜ਼ਾ ਲੱਗਣ ਤੇ ਲਗਭਗ ਸਾਲ ਭਰ ਦਾ ਸਮਾਂ ਲੱਗ ਗਿਆ ਹੁਣ ਕੱਲ ਨੂੰ ਉਹਨਾਂ ਨੇ ਦਿੱਲੀ ਤੋਂ ਹਵਾਈ ਜਹਾਜ਼ ਲੈਣਾ ਹੈ ਅੱਜ ਪਰਿਵਾਰ ਟੈਕਸੀ ਕਰਵਾ ਕੇ ਦਿੱਲੀ ਜਾਣ ਲਈ ਤੁਰਨ ਲੱਗੇ ਤਾਂ ਫਿਰ ਉਸੇ ਤਰ੍ਹਾਂ ਮਾਂ ਨੇ ਪਹੀਏ ਤੇ ਪਾਣੀ ਪਾਇਆ ਭਰਾ ਨੇ ਧੱਕਾ ਲਾਉਣ ਦੀ ਰਸਮ ਨਿਭਾਈ ਫਿਰ ਆਪ ਵੀ ਬੇਟੀ ਦੇ ਨਾਲ ਉਸੇ ਟੈਕਸੀ ਵਿੱਚ ਬੈਠ ਕੇ ਉਸ ਨੂੰ ਦਿੱਲੀਓਂ ਜਹਾਜ ਤੇ ਚੜਾਉਣ ਲਈ ਚੱਲ ਪਏ ਉੱਥੇ ਇੱਕ ਖਾਸ ਹੱਦ ਤੱਕ ਹੀ ਹਵਾਈ ਅੱਡੇ ਦੇ ਅੰਦਰ ਜਾਣ ਦੀ ਆਗਿਆ ਹੁੰਦੀ ਹੈ ਉਸ ਤੋਂ ਅੱਗੇ ਕੇਵਲ ਟਿਕਟ ਵਾਲੇ ਹੀ ਜਾ ਸਕਦੇ ਹਨ ਹਾਂ ਜੇਕਰ ਅੰਦਰ ਤੱਕ ਜਾਣ ਦੀ ਆਗਿਆ ਹੁੰਦੀ ਤਾਂ ਮਾਂ ਜਹਾਜ ਦੇ ਪਹੀਏ ਤੇ ਪਾਣੀ ਵੀ ਜਰੂਰ ਪਾਉਂਦੀ ਤੇ ਭਰਾ ਵੀ ਜਰੂਰ ਧੱਕਾ ਲਾਉਂਦਾ। ਵਾਹ ਬਈ ਸਾਡੀਆਂ ਰਸਮਾਂ। ਦੋਸਤੋ ਬਦਲੇ ਸਮੇਂ ਅਨੁਸਾਰ ਹੁਣ ਬੇਸ਼ੱਕ ਅਜੋਕੇ ਹਾਲਾਤਾਂ ਵਿੱਚ ਇਹ ਸੱਭ ਕੁੱਝ ਬਦਲ ਗਿਆ ਹੈ ਪਰ ਕਿਸੇ ਸਮੇਂ ਡੋਲੀ ਤੋਰਨ ਦੇ ਸਾਡੇ ਇਹ ਰੀਤੀ ਰਿਵਾਜ ਰਹੇ ਹਨ ਜੋ ਕਿ ਸਾਡੇ ਪੁਰਾਤਨ ਸਮੇਂ ਦੀ ਯਾਦ ਦਿਵਾਉਂਦੇ ਹਨ ਅਤੇ ਸਾਡੇ ਪੁਰਖੇ ਇਹ ਸੱਭ ਨਿਭਾਉਂਦੇ ਤੇ ਹੱਥੀਂ ਕਰਦੇ ਵੀ ਰਹੇ ਹਨ।

ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਕਾਲਜ ਕੈਂਪਸ ਵਿੱਚ ਸਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ।



**ਚੋਹਲਾ ਸਾਹਿਬ 14 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਫਲਤਾਪੂਰਵਕ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਦੇ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਜੀ ਦੀ ਯੋਗ ਅਗਵਾਈ ਹੇਠ ਅੱਜ ਮਿਤੀ 14 ਫਰਵਰੀ 2026 ਨੂੰ ਸੈਸ਼ਨ 2024-25 ਦੌਰਾਨ ਕਾਲਜ ਦੀਆਂ ਵੱਖ-ਵੱਖ ਜਮਾਤਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਕਾਲਜ ਕੈਂਪਸ ਵਿੱਚ ਸਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮਾਣਯੋਗ ਡਾ: ਬਲਜੀਤ ਸਿੰਘ ਰਜਿਸਟਰਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਅਤੇ ਜਥੇ. ਗੁਰਬਚਨ ਸਿੰਘ ਜੀ ਕਰਮੂੰਵਾਲਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਸਲਾਨਾ ਸਮਾਰੋਹ ਦੀ ਸ਼ੁਰੂਆਤ ਸੁਖਮਨੀ ਸਾਹਿਬ ਦੇ ਪਾਠ ਦੇ ਨਾਲ ਕੀਤੀ ਗਈ। ਉਪਰੰਤ ਕਾਲਜ ਵਿਦਿਆਰਥੀਆਂ ਦੁਆਰਾ ਸ਼ਬਦ ਕੀਰਤਨ ਅਤੇ ਅਨੰਦ ਸਾਹਿਬ ਦੀ ਬਾਣੀ ਦਾ ਗਾਇਨ ਕੀਤਾ ਗਿਆ ਅਤੇ ਫਿਰ ਅਰਦਾਸ ਹੋਈ। ਉਪਰੰਤ ਸਲਾਨਾ ਇਨਾਮ ਵੰਡ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿੱਚ ਸਭ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਗਿੱਲ ਨੇ ਸਵਾਗਤੀ ਭਾਸ਼ਣ ਦਿੰਦਿਆਂ ਕਾਲਜ ਦੀ ਸਲਾਨਾ ਪ੍ਰਗਤੀ ਰਿਪੋਰਟ ਪੇਸ਼ ਕੀਤੀ। ਜਿਸ ਵਿੱਚ ਵਿਦਿਆਰਥੀਆਂ ਦੀਆਂ ਅਕਾਦਮਿਕ, ਖੇਡਾਂ, ਸੱਭਿਆਚਾਰਕ ਅਤੇ ਧਾਰਮਿਕ ਖੇਤਰ ਵਿੱਚ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਸਮਾਰੋਹ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਪੰਜਾਬੀ ਵਿਭਾਗ ਦੇ ਮੁਖੀ ਡਾ: ਜਤਿੰਦਰ ਕੌਰ ਦੁਆਰਾ ਨਿਭਾਈ ਗਈ। ਜਥੇਦਾਰ ਗੁਰਬਚਨ ਸਿੰਘ ਜੀ ਕਰਮੂੰਵਾਲਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਆਪਣੇ ਜੀਵਨ ਦੇ ਵਿੱਚ ਉੱਚ ਪੱਧਰ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਇਸ ਸੰਸਥਾ ਦੀ ਸਥਾਪਤੀ ਦੇ ਮਨੋਰਥ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਮਾਨਯੋਗ ਡਾ: ਬਲਜੀਤ ਸਿੰਘ ਜੀ ਰਜਿਸਟਰਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨੇ ਵਿਦਿਆਰਥੀਆਂ ਨਾਲ ਆਪਣੇ ਨਿੱਜੀ ਜੀਵਨ ਵਿੱਚ ਵਿਚਰਦਿਆਂ ਪੇਸ਼ ਆਈਆਂ ਮੁਸ਼ਕਿਲਾਂ ਦਾ ਜ਼ਿਕਰ ਕਰਦੇ ਹੋਏ ਦਸਿਆ ਕਿ ਵਿਦਿਆਰਥੀ ਕਿਵੇਂ ਆਪਣੇ ਜੀਵਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਮਜਬੂਤੀ ਨਾਲ ਕਰਨ। ਉਨ੍ਹਾ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਉਹਨਾਂ ਨੇ ਕਿਵੇਂ ਮੁਸ਼ਕਿਲਾਂ ਨੂੰ ਪਾਰ ਕਰਕੇ ਜੀਵਨ ਵਿੱਚ ਉੱਚ ਪੱਧਰ ਦੀ ਵਿਦਿਆ ਹਾਸਲ ਕਰਕੇ ਅੱਜ ਇੱਕ ਬਹੁਤ ਹੀ ਉੱਚ ਪੱਧਰ ਤੇ ਬਿਰਾਜਮਾਨ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਆਪਣੇ ਸਰੀਰਕ, ਮਾਨਸਿਕ, ਅਧਿਆਤਮਿਕ ਅਤੇ ਭਵਨਾਤਮਿਕ ਪੱਧਰਾਂ ਨੂੰ ਉੱਚ ਰੱਖਣ ਦੇ ਬਾਰੇ ਕਿਹਾ। ਉਹਨਾਂ ਕਿਹਾ ਕਿ ਅਗਰ ਇਹਨਾਂ ਚਾਰਾਂ ਹੀ ਪੱਖਾਂ ਨੂੰ ਆਪਾਂ ਸੰਤੁਲਿਤ ਰੱਖਦੇ ਹਾਂ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਸਾਨੂੰ ਹਰਾ ਨਹੀਂ ਸਕਦੀ ਤੇ ਅਸੀਂ ਆਪਣੇ ਸਾਰੇ ਹੀ ਮੁਕਾਮਾਂ ਨੂੰ ਹਾਸਲ ਕਰ ਸਕਦੇ ਹਾਂ ਤੇ ਜੀਵਨ ਵਿੱਚ ਉੱਚੀਆਂ ਪ੍ਰਾਪਤੀਆਂ ਪ੍ਰਾਪਤ ਕਰ ਸਕਦੇ ਹਾਂ। ਇਸ ਤੋਂ ਬਾਅਦ ਵੱਖ-ਵੱਖ ਖੇਤਰਾਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਅਤੇ ਪ੍ਰਮਾਣ ਪੱਤਰ ਵੰਡੇ ਗਏ। ਸਮਾਰੋਹ ਦੇ ਅੰਤ ਵਿੱਚ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ: ਹਿੰਮਤ ਸਿੰਘ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਸਾਨੂੰ ਆਈ ਹੋਈ ਸ਼ਖਸ਼ੀਅਤ ਦੀ ਜ਼ਿੰਦਗੀ ਤੋਂ ਪ੍ਰੇਰਨਾ ਲੈਂਦੇ ਹੋਏ ਤੇ ਉਹਨਾਂ ਨੂੰ ਆਪਣਾ ਰੋਲ ਮਾਡਲ ਧਾਰਦੇ ਹੋਏ ਵੱਖ ਵੱਖ ਖੇਤਰਾਂ ਵਿੱਚ ਮੱਲਾ ਮਾਰਨੀਆਂ ਚਾਹੀਦੀਆਂ ਹਨ। ਫਿਰ ਉਹਨਾਂ ਨੇ ਸਮੂਹ ਵਿਦਿਆਰਥੀਆਂ ਅਤੇ ਸਮੂਹ ਸਟਾਫ ਦਾ ਧੰਨਵਾਦ ਕਰਕੇ ਇਸ ਸਮਾਰੋਹ ਨੂੰ ਸਮਾਪਤ ਕੀਤਾ।

# ਹਰਿਆਣਾ ਦੇ ਜ਼ਿਲਾ ਫਤਿਹਾਬਾਦ ਵਿਚ ਪਿੰਡ ਲਾਂਬਾ ਦੀਆਂ ਸੰਗਤਾਂ ਵਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ



**ਚੋਹਲਾ ਸਾਹਿਬ 14 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਗੁਰਮਤਿ ਪ੍ਰਚਾਰ ਫੇਰੀ 'ਤੇ ਚਲਦਿਆਂ ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਇਹਨੀਂ ਦਿਨੀਂ ਹਰਿਆਣਾ ਸਟੇਟ ਦੀਆਂ ਸੰਗਤਾਂ 'ਚ ਵਿਚਰ ਰਹੇ ਹਨ। ਬਾਬਾ ਜੀ ਵਲੋਂ ਸਾਲ 2023 ਅਤੇ ਸਾਲ 2015 ਵਿਚ ਪੰਜਾਬ 'ਚ ਆਏ ਹੜ੍ਹਾਂ ਦੌਰਾਨ ਮਾਨਵਤਾ ਦੇ ਭਲੇ ਹਿੱਤ ਨਿਭਾਈਆਂ ਗਈਆਂ ਸੇਵਾਵਾਂ ਨੂੰ ਆਦਰ ਦੇਂਦਿਆਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਸਨਮਾਨਤ ਕੀਤੇ ਜਾਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਅੱਜ ਗੁਰਪੁਰਵਾਸੀ ਸ. ਜਸਵੰਤ ਸਿੰਘ ਜੀ ਜੀ ਦੇ ਸਮੂਹ ਪਰਿਵਾਰ, ਪਿੰਡ ਲਾਂਬਾ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸ. ਦਲਜੀਤ ਸਿੰਘ ਹਾਂਸਪੁਰ, ਪਰਮਜੀਤ ਸਿੰਘ ਮੀਰਆਣਾ, ਪ੍ਰਗਟ ਸਿੰਘ ਪ੍ਰਧਾਨ ਲਾਂਬਾ, ਪਾਲਾ ਸਿੰਘ ਲਾਂਬਾ, ਸਰਪੰਚ ਗੁਰਦੇਵ ਸਿੰਘ, ਬਾਬਾ ਬੂਟਾ ਸਿੰਘ, ਰੰਗੇਜ ਸਿੰਘ ਮੂਸਾਖੇੜਾ, ਨਿਰਵੈਲ ਸਿੰਘ ਮੂਸਾਖੇੜਾ, ਜਲੌਰ ਸਿੰਘ ਮੂਸਾਖੇੜਾ, ਚਮਕੌਰ ਸਿੰਘ ਪਟਿਆਲਾ, ਕਰਨਵੀਰ ਸਿੰਘ ਪਟਿਆਲਾ, ਭਿੰਦਾ ਸਿੰਘ ਹਾਂਸਪੁਰ ਅਤੇ ਹੋਰ ਕਈ ਪਤਵੰਤੇ ਸੰਗਤ ਵਿਚ ਹਾਜ਼ਰ ਸਨ। ਸ. ਦਲਜੀਤ ਸਿੰਘ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ, " ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਦੀ ਮਹਾਨ ਕਮਾਈ ਨੂੰ ਅੱਗੇ ਤੋਰਦਿਆਂ ਸੰਤ ਬਾਬਾ ਚਰਨ ਸਿੰਘ ਜੀ ਨੇ ਅਤੇ ਤੀਸਰੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਮਾਨਵਤਾ ਦੇ ਭਲੇ ਹਿੱਤ ਮਹਾਨ ਪਰਉਪਕਾਰ ਕੀਤੇ ਹਨ । ਸੰਤ ਬਾਬਾ ਸੁੱਖਾ ਸਿੰਘ ਜੀ ਨੇ ਹੜ੍ਹਾਂ ਦੌਰਾਨ ਪੰਜਾਬ ਦੇ ਲੋਕਾਂ ਦੀ ਇੱਕ ਮਹਾਨ ਅਗਵਾਈ ਕੀਤੀ ਅਤੇ ਬਿਪਤਾ ਭਰੇ ਸਮੇਂ ਵਿਚ ਮਾਨਵਤਾ ਦੇ ਹਿਰਦੇ ਠਾਰੇ। ਅੱਜ ਅਸੀਂ ਜ਼ਿਲ੍ਹਾ ਫਤਿਹਾਬਾਦ ਦੇ ਕਈ ਪਿੰਡਾਂ ਦੀ ਸੰਗਤ ਇੱਥੇ ਪਹੁੰਚੇ ਹਾਂ। ਅਸੀਂ ਬਾਬਾ ਜੀ ਦੇ ਬਹੁਤ ਬਹੁਤ ਧੰਨਵਾਦੀ ਹਾਂ ਜੋ ਉਨਾਂ ਨੇ ਹਰਿਆਣੇ ਵਿੱਚ ਆ ਕੇ ਸੰਗਤਾਂ ਨੂੰ ਦਰਸ਼ਨ ਦਿੱਤੇ ਅਤੇ ਸੇਵਾ ਸਿਮਰਨ ਦੀ ਮਹਾਨ ਪ੍ਰੇਰਨਾ ਬਖਸ਼ੀ। ਆਪ ਜੀ ਦੀ ਪਰਉਪਕਾਰੀ ਸ਼ਖਸ਼ੀਅਤ ਤੋਂ ਨਵੀਂ ਪੀੜ੍ਹੀ ਮਹਾਨ ਪ੍ਰੇਰਨਾ ਲੈ ਰਹੀ ਹੈ। ਅੱਜ ਅਸੀਂ ਬਾਬਾ ਜੀ ਨੂੰ ਸੰਗਤ ਵੱਲੋਂ ਇੱਕ ਯਾਦਗਾਰੀ ਤਸਵੀਰ ਭੇਟ ਕਰ ਰਹੇ ਹਾਂ।"






## ਸੋਨੇ ਦੀ ਖਰੀਦ ਮੁੱਖ ਤੌਰ ਉਤੇ ਉਨ੍ਹਾਂ ਦੇ ਨਿੱਜੀ ਫੈਸਲੇ ਹਨ



18-39 ਸਾਲ ਦੀ ਉਮਰ ਦੇ 5,000 ਖਪਤਕਾਰਾਂ ਨਾਲ ਕਰਵਾਏ ਗਏ ਸਮਿਟਨ ਪਲਸ ਏ.ਆਈ. ਸਰਵੇਖਣ ਨੇ ਇਹ ਪਤਾ ਕੀਤਾ ਕਿ ਕਿਵੇਂ ਪਰੰਪਰਾ 'ਤੇ ਅਧਾਰਤ ਖਰੀਦਦਾਰੀ ਨਿਰੰਤਰ ਵਧੇਰੇ ਵਿਅਕਤੀਗਤ, ਤਰਕ-ਸੰਚਾਲਿਤ ਪਹੁੰਚ ਨੂੰ ਰਾਹ ਦੇ ਰਹੀ ਹੈ।ਸਰਵੇਖਣ ਮੁਤਾਬਕ 61.9 ਫੀ ਸਦੀ ਲੋਕ ਸੋਨੇ ਦੀ ਚੋਣ ਕਰਨਗੇ ਜੇਕਰ ਉਨ੍ਹਾਂ ਕੋਲ ਅੱਜ ਨਿਵੇਸ਼ ਕਰਨ ਲਈ 25,000 ਰੁਪਏ ਹਨ, ਜੋ ਮਿਊਚੁਅਲ ਫੰਡ (16.6 ਫੀ ਸਦੀ), ਫਿਕਸਡ ਡਿਪਾਜ਼ਿਟ (13 ਫੀ ਸਦੀ), ਸਟਾਕ (6.6 ਫੀ ਸਦੀ) ਅਤੇ ਕ੍ਰਿਪਟੋ (1.9 ਫੀ ਸਦੀ) ਤੋਂ ਬਹੁਤ ਅੱਗੇ ਹਨ। ਰੀਪੋਰਟ 'ਚ ਕਿਹਾ ਗਿਆ ਹੈ ਕਿ ਆਰਥਕ ਅਨਿਸ਼ਚਿਤਤਾ ਦੇ ਸਮੇਂ 65.7 ਫੀ ਸਦੀ ਲੋਕਾਂ ਨੇ ਕਿਹਾ ਕਿ ਬੈਂਕ ਬੱਚਤ, ਮਿਊਚੁਅਲ ਫੰਡ ਜਾਂ ਇਕੁਇਟੀ ਦੀ ਤੁਲਨਾ 'ਚ ਸੋਨਾ ਸੱਭ ਤੋਂ ਸੁਰੱਖਿਅਤ ਵਿਕਲਪ ਲਗਦਾ ਹੈ। ਇਹ ਖੋਜਾਂ ਜੈਂਨਜ਼ੀ ਅਤੇ ਮਿਲੇਨੀਅਲਜ਼ ਦੋਹਾਂ ਵਿਚ ਵਿੱਤੀ ਗਿਰਾਵਟ ਦੇ ਰੂਪ ਵਿਚ ਸੋਨੇ ਦੀ ਸਥਾਈ ਭੂਮਿਕਾ ਨੂੰ ਦਰਸਾਉਂਦੀਆਂ ਹਨ।ਸਰਵੇਖਣ ਅਨੁਸਾਰ ਹਾਲ ਹੀ ਵਿਚ ਖਰੀਦਦਾਰੀ ਦਾ 61.9 ਫ਼ੀ ਸਦੀ 5 ਗ੍ਰਾਮ ਤੋਂ ਘੱਟ ਸੀ, 27.5 ਫ਼ੀ ਸਦੀ ਨੇ 2 ਗ੍ਰਾਮ ਤੋਂ ਘੱਟ ਖਰੀਦਿਆ ਅਤੇ 34.4 ਫ਼ੀ ਸਦੀ ਨੇ 2 ਤੋਂ 5 ਗ੍ਰਾਮ ਦੇ ਵਿਚਕਾਰ ਖਰੀਦਦਾਰੀ। ਬਹੁਤ ਸਾਰੇ ਪਹਿਲੀ ਵਾਰ ਖਰੀਦਣ ਵਾਲਿਆਂ ਲਈ, ਸੋਨੇ ਵਿਚ ਦਾਖਲਾ ਹੁਣ ਵਿਆਹਾਂ ਤਕ ਸੀਮਿਤ ਨਹੀਂ ਹੈ। ਲਗਭਗ 24 ਫ਼ੀ ਸਦੀ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਸੋਨੇ ਦੀ ਖਰੀਦ ਉਨ੍ਹਾਂ ਦੀ ਪਹਿਲੀ ਤਨਖਾਹ ਜਾਂ ਨਿੱਜੀ ਆਮਦਨੀ ਕਾਰਨ ਹੋਈ ਸੀ, ਜਦਕਿ 23.9 ਫ਼ੀ ਸਦੀ ਨੇ ਨਿਵੇਸ਼ ਦੇ ਫੈਸਲੇ ਦਾ ਹਵਾਲਾ ਦਿਤਾ। ਸਰਵੇਖਣ ਵਿਚ ਇਹ ਵੀ ਪ੍ਰਗਟਾਵਾ ਹੋਇਆ ਕਿ 66.7 ਫ਼ੀ ਸਦੀ ਉੱਤਰਦਾਤਾਵਾਂ ਨੇ ਕਿਹਾ ਕਿ ਸੋਨੇ ਦੀ ਖਰੀਦ ਮੁੱਖ ਤੌਰ ਉਤੇ ਉਨ੍ਹਾਂ ਦੇ ਨਿੱਜੀ ਫੈਸਲੇ ਹਨ, ਅਤੇ ਲਗਭਗ 62 ਫ਼ੀ ਸਦੀ ਨੇ ਕਿਹਾ ਕਿ ਉਨ੍ਹਾਂ ਦੀ ਸੱਭ ਤੋਂ ਤਾਜ਼ਾ ਸੋਨੇ ਦੀ ਖਰੀਦ 5 ਗ੍ਰਾਮ ਤੋਂ ਘੱਟ ਸੀ, ਜੋ ਇਸ ਗੱਲ ਨੂੰ ਦਰਸਾਉਂਦੀ ਹੈ ਕਿ 'ਜੈਂਨ ਜ਼ੈਡ' ਅਤੇ ਮਿਲੇਨੀਅਲਜ਼ ਸੋਨੇ ਨੂੰ ਕਿਵੇਂ ਵੇਖਦੇ ਹਨ। 18-39 ਸਾਲ ਦੀ ਉਮਰ ਦੇ 5,000 ਖਪਤਕਾਰਾਂ ਨਾਲ ਕਰਵਾਏ ਗਏ ਸਮਿਟਨ ਪਲਸ ਏ.ਆਈ. ਸਰਵੇਖਣ ਨੇ ਇਹ ਪਤਾ ਕੀਤਾ ਕਿ ਕਿਵੇਂ ਪਰੰਪਰਾ 'ਤੇ ਅਧਾਰਤ ਖਰੀਦਦਾਰੀ ਨਿਰੰਤਰ ਵਧੇਰੇ ਵਿਅਕਤੀਗਤ, ਤਰਕ-ਸੰਚਾਲਿਤ ਪਹੁੰਚ ਨੂੰ ਰਾਹ ਦੇ ਰਹੀ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਦਾਲ਼ਾਂ ਦੀ ਮਹੱਤਤਾ ਨੂੰ ਦੇਖਦੇ ਹੋਏ ਕਿਸਾਨ ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਕਰਨ - ਯਾਦਵਿੰਦਰ ਸਿੰਘ



**ਤਰਨ ਤਾਰਨ 14 ਫਰਵਰੀ (ਗੁਰਪ੍ਰੀਤ ਸਿੰਘ ਕੱਦਗਿੱਲ) ।**

ਡਾਇਰੈਕਟਰ ਖੇਤੀਬਾੜੀ ਪੰਜਾਬ ਡਾ. ਗੁਰਜੀਤ ਸਿੰਘ ਬਰਾੜ ਦੇ ਹੁਕਮਾਂ ਅਨੁਸਾਰ ਕਿਸਾਨਾਂ ਨੂੰ ਫ਼ਸਲ ਲਈ ਵਿਭਿੰਨਤਾ ਅਪਨਾਉਣ ਹੇਤੂ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਜ਼ਿਲ੍ਹੇ ਦੇ ਮੁਖੀ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਿਸਾਨਾਂ ਨੂੰ ਕਣਕ ਦੀ ਵਾਢੀ ਅਤੇ ਆਲੂਆਂ ਦੀ ਪੁਟਾਈ ਤੋਂ ਬਾਅਦ ਗਰਮ ਰੁੱਤ ਦੀਆਂ ਦਾਲ਼ਾਂ ਬੀਜਣ ਵਾਸਤੇ ਵੱਖ-ਵੱਖ ਪ੍ਰੋਗਰਾਮਾਂ ਅਤੇ ਕੈਂਪਾਂ ਰਾਹੀਂ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਬਲਾਕ ਖੇਤੀਬਾੜੀ ਅਫ਼ਸਰ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਡਾ. ਯਾਦਵਿੰਦਰ ਸਿੰਘ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਦਾਲਾਂ ਮਨੁੱਖੀ ਖ਼ੁਰਾਕ ਦਾ ਬਹੁਤ ਹੀ ਜ਼ਰੂਰੀ ਹਿੱਸਾ ਹਨ। ਸਭ ਤੋਂ ਵੱਧ ਪ੍ਰੋਟੀਨ ਇਨ੍ਹਾਂ ਵਿੱਚ ਪਾਇਆ ਜਾਂਦਾ ਹੈ। ਪੰਜਾਬ ਵਿੱਚ ਆਮ ਕਰਕੇ ਕਿਸਾਨਾਂ ਵੱਲੋਂ ਕਣਕ-ਝੋਨੇ ਦਾ ਫ਼ਸਲੀ ਚੱਕਰ ਅਪਨਾਉਣ ਕਾਰਨ ਦਾਲ਼ਾਂ ਹੇਠ ਰਕਬਾ ਬਹੁਤ ਘੱਟ ਗਿਆ ਹੈ। ਉਨ੍ਹਾਂ ਦੱਸਿਆ ਕਿ ਗਰਮ ਰੁੱਤ ਦੀ ਮੂੰਗੀ ਘੱਟ ਸਮਾਂ ਲੈਣ ਵਾਲੀ ਇਕ ਮਹੱਤਵਪੂਰਨ ਦਾਲ਼ ਵਾਲੀ ਫ਼ਸਲ ਹੈ । ਗਰਮੀ ਰੁੱਤ ਦੀ ਮੂੰਗੀ ਦੀ ਕਾਸ਼ਤ ਕਰਕੇ ਕਿਸਾਨ ਜਿਥੇ ਵਧੇਰੇ ਆਮਦਨ ਲੈ ਸਕਦੇ ਹਨ, ਉਥੇ ਜ਼ਮੀਨ ਦੀ ਸਿਹਤ ਵੀ ਸੁਧਾਰੀ ਜਾ ਸਕਦੀ ਹੈ ਅਤੇ ਵਿਹਲੀ ਪਈ ਜ਼ਮੀਨ ਨੂੰ ਆਮਦਨ ਵਧਾਉਣ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੂੰਗੀ ਦੀ ਫ਼ਸਲ ਹੋਰਨਾਂ ਦਾਲ਼ਾਂ ਨਾਲੋਂ ਵਧੇਰੇ ਗਰਮੀ ਸਹਾਰ ਸਕਣ ਕਾਰਨ ਇਸ ਦੀ ਕਾਸ਼ਤ ਲਈ ਬਹੁਤ ਗਰਮ ਜਲਵਾਯੂ ਦੀ ਜ਼ਰੂਰਤ ਹੈ।ਇਸ ਦੀ ਕਾਸ਼ਤ ਲਈ ਚੰਗੇ ਪਾਣੀ ਦੇ ਨਿਕਾਸ ਵਾਲੀ ਭਲ ਤੋਂ ਰੇਤਲੀ ਭਲ ਵਾਲੀ ਜ਼ਮੀਨ ਬਹੁਤ ਹੀ ਢੁਕਵੀਂ ਹੈ। ਮੂੰਗੀ ਦੀ ਕਾਸ਼ਤ ਲਈ ਚਾਰ ਕਿਸਮਾਂ ਐੱਸ ਐੱਮ ਐੱਲ 1827,ਐੱਸ ਐੱਮ ਐੱਲ 832, ਐੱਸ ਐੱਮ ਐੱਲ 668 ਅਤੇ ਟੀ ਐੱਮ ਬੀ 37 ਦੀ ਸਿਫਾਰਸ਼ ਕੀਤੀ ਗਈ ਹੈ। ਇਹ ਕਿਸਮਾਂ 60 ਤੋਂ 65 ਦਿਨਾਂ ਦੇ ਵਿੱਚ ਪੱਕ ਜਾਂਦੀਆਂ ਹਨ ਅਤੇ ਔਸਤਨ ਝਾੜ ਚਾਰ ਤੋਂ ਪੰਜ ਕੁਇੰਟਲ ਪ੍ਰਤੀ ਏਕੜ ਹੈ । ਮੂੰਗੀ ਦੀ ਬਿਜਾਈ 20 ਮਾਰਚ ਤੋਂ ਅਪ੍ਰੈਲ ਦੇ ਤੀਜੇ ਹਫ਼ਤੇ ਤੱਕ ਕੀਤੀ ਜਾ ਸਕਦੀ ਹੈ। ਬੀਜਣ ਤੋਂ ਪਹਿਲਾਂ ਮੂੰਗੀ ਦੇ ਬੀਜ ਨੂੰ ਉੱਲੀ ਨਾਸ਼ਕ ਜਾਂ ਜੈਵਿਕ ਤਰੀਕੇ ਰਾਹੀਂ ਸੋਧ ਲੈਣਾ ਚਾਹੀਦਾ ਹੈ ਇਸ ਤਰ੍ਹਾਂ ਕਰਨ ਨਾਲ ਝਾੜ ਵੱਧਦਾ ਹੈ ਅਤੇ ਬਿਮਾਰੀਆਂ ਤੋਂ ਵੀ ਬਚਾਅ ਹੁੰਦਾ ਹੈ ।ਕਣਕ ਦੀ ਕਟਾਈ ਤੋਂ ਬਾਅਦ ਖੇਤ ਨੂੰ ਵਾਹੁਣ ਤੋਂ ਬਗੈਰ ਮੂੰਗੀ ਦੀ ਕਾਸ਼ਤ ਜ਼ੀਰੋ ਟਿਲ ਡਰਿੱਲ ਅਤੇ ਹੈਪੀ ਸੀਡਰ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰ ਫਾਸਫੇਟ ਖਾਦ ਡਰਿੱਲ ਕਰ ਦੇਣੀ ਚਾਹੀਦੀ ਹੈ। ਆਲੂਆਂ ਦੀ ਪੁਟਾਈ ਤੋਂ ਬਾਅਦ ਮੂੰਗੀ ਦੀ ਕਾਸ਼ਤ ਬਿਨਾਂ ਕੋਈ ਖਾਦ ਦੀ ਵਰਤੋਂ ਕੀਤਿਆਂ ਵੀ ਕੀਤੀ ਜਾ ਸਕਦੀ ਹੈ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ ਇਕ ਲਿਟਰ ਪੈਂਡੀਮੈਥਾਲਿਨ 30 ਈ.ਸੀ. ਨੂੰ 150-200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮੌਸਮ ਅਤੇ ਜ਼ਮੀਨ ਦੀ ਕਿਸਮ ਦੇ ਅਨੁਸਾਰ ਮੂੰਗੀ ਦੀ ਫ਼ਸਲ ਨੂੰ 3-5 ਪਾਣੀ ਲਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਮੂੰਗੀ ਦੀ ਫ਼ਸਲ 'ਤੇ ਆਮ ਕਰਕੇ ਥਰਿੱਪ ਅਤੇ ਫਲੀ ਛੇਦਕ ਸੁੰਡੀ ਹਮਲਾ ਕਰਦੀ ਹੈ, ਜਿਸ ਨਾਲ ਪੈਦਾਵਾਰ 'ਤੇ ਮਾੜਾ ਅਸਰ ਪੈਂਦਾ ਹੈ।ਇਸ ਕੀੜੇ ਦੀ ਰੋਕਥਾਮ ਲਈ 600 ਮਿਲੀਲਿਟਰ ਟ੍ਰਾਈਜ਼ੋਫਾਸ 40 ਈ ਸੀ ਜਾਂ 100 ਮਿਲੀਲਿਟਰ ਡਾਈਮੈਥੋਏਟ ਨੂੰ 80 ਤੋਂ 100 ਲਿਟਰ ਪਾਣੀ ਦੇ ਘੋਲ ਵਿੱਚ ਛਿੜਕਾਅ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦਾਲ਼ਾਂ ਦੀ ਕਾਸ਼ਤ ਕਰਕੇ ਕੁਦਰਤੀ ਸੋਮਿਆਂ ਖਾਸ ਕਰਕੇ ਪਾਣੀ ਦੀ ਬੱਚਤ ਕਰਨ ਦੇ ਨਾਲ-ਨਾਲ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਇਸ ਸਮੇਂ ਉਨ੍ਹਾਂ ਨਾਲ ਸੁਖਦੇਵ ਸਿੰਘ, ਕਮਲਜੀਤ ਕੌਰ ਸਹਾਇਕ ਟੈਕਨੋਲੋਜੀ ਮੈਨੇਜਰ, ਬਲਰਾਜ ਸਿੰਘ, ਹਰਦਿਆਲ ਸਿੰਘ ਅਤੇ ਪਿੰਡ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
ਗੁਰੂ ਅਰਜਨ ਦੇਵ ਖਾਲਸਾ ਕਾਲਜ
ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ
ਸ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ
ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ
Courses Offered
Post Graduation : •M.Sc. (Comp. Sci.) •M.Com.
Graduation : •BCA •B.Sc.(IT)
•B.Sc. (Comp. Sci.) •B.Sc. (Eco.) •B.Sc. (N.Med.)
•BBA •B.Com. •B.A.
Diploma : •DCA •PGDCA •DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ
10+1 & 10+2
Medical, Non-Medical, Commerce and Arts
ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ
• Diploma in Artificial Intelligence
• Diploma in Cyber Security
• Certification Course in Digital Marketing
• Certification Course in Nanny Care
Affiliated to Jagat Guru Nanak Dev Punjab State Open University, Patiala
ਵਿਸ਼ੇਸ਼ਤਾਵਾਂ
ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
ਅਤਿ-ਆਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫ਼ੀਸਾਂ ਵਿਚ ਵਿਸ਼ੇਸ਼ ਰਿਆਇਤ
ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410
ਸਰਹਾਲੀ ESTD. 1970
Website : ggskcsarhali.ac.in E-mail : ggscollegesarhali@yahoo.co.in
For Free Registration : Scan QR Code using WhatsApp Camera
ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।
ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ
10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)
❖ B.A. ❖ B.C.A. ❖ M.Com. ❖ P.G.D.C.A.
❖ B.Sc. (N.M.) ❖ B.Com. ❖ M.A. (Pbi.) ❖ D.C.A.
❖ B.Sc. (C.Sc.) ❖ B.Sc. (Eco.) ❖ M.Sc. (IT) ❖ D.S.T.
ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ
❖ B.C.A. ❖ M.A. (Pbi.) ❖ D.I.T. ❖ D.F.D.
❖ B.Com. ❖ M.A. (Eng.) ❖ M.Sc. (C.Sc.) ❖ C.G.S.T.
❖ B.B.A. ❖ M.C.A. ❖ M.B.A.
❖ Diploma in Care Giver (Old Age Care)
❖ Diploma in Nanny Care (Early Childhood Care)
ਵਿਸ਼ੇਸ਼ ਸਹੂਲਤਾਂ
❖ ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
❖ ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
❖ ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
❖ ਗੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
❖ N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ । ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼।
ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ) : 98781-70700
Helpline No. : 95011-03467, 98780-68015, 94179-36759, 81469-99004
ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ) : 95017-46500

CALLSTEM SOFTWARE LLP
Unlock your business's true potential with our expertise. Join us today and watch your brand soar!
OUR SERVICES
• Web Design and Development
• Mobile Application Development
• Social Media Management & Marketing
• Graphics Designing
• Custom Software Solutions
Contact - 9463661542

ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ
ਤਰਨ ਤਾਰਨ
SHIPS LONDON
KIDS PLAY PEN SCHOOL
What makes us Special?
•Loving and Caring Environment
•Dedicated Teachers and Staff
•Individual Education Plans
•Smart Class Room
•Creative Corner
•Big Outdoor Play Area
Admission Open
There is no Better Secure, Safe and Fun Place to Leave your Kid than in this School
Transport Facility Available